ਨਾਮਧਾਰੀ ਨਿਤਨੇਮ

ਭੂਮਿਕਾ

੨੦੫੭ - 2000



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਗੁਰ ਕਿਰਪਾ ਤੇ ਜਾਣਿਆ

ਕਰਤੇ ਦੀ ਕਿਰਤ, ਮਨੁੱਖ ਨੇ ਬ੍ਰਹਿਮੰਡ ਨੂੰ ਖੋਜਣ ਦੀ ਬੜੀ ਕੋਸ਼ਸ਼ ਕੀਤੀ ਹੈ। ਮਨੁੱਖ ਸਦੀਆਂ ਤੋਂ ਹੀ ਨਹੀਂ, ਹਜ਼ਾਰਾਂ-ਲੱਖਾਂ ਸਾਲਾਂ ਤੋਂ ਇਹ ਜਾਨਣ ਲਈ ਤਪ, ਸਾਧਨਾ, ਚਿੰਤਨ ਤੇ ਖੋਜ ਕਰਦਾ ਰਿਹਾ ਹੈ ਕਿ ਸ੍ਰਿਸ਼ਟੀ, ਇਸਦਾ ਸਮੁੱਚਾ ਵਾਯੂਮੰਡਲ, ਅਕਾਸ਼, ਚੰਨ, ਤਾਰੇ, ਗ੍ਰਹਿ, ਸੂਰਜ ਗੱਲ ਕੀ ਸਮੁੱਚਾ ਬ੍ਰਹਿਮੰਡ ਕਿਵੇਂ ਬਣੇ ਤੇ ਇਹ ਕਿਸ ਨੇ ਬਣਾਏ?

ਰਿਸ਼ੀਆਂ, ਮੁਨੀਆਂ, ਸਾਧਕਾਂ ਆਦਿ ਨੇ, ਜਿਸ ਨੇ ਸਭ ਕੁਝ ਬਣਾਇਆ ਹੈ ਉਸਨੂੰ ਕਰਤਾ ਪੁਰਖ ਆਖਿਆ ਹੈ ਖੰਡਾਂ ਬ੍ਰਹਿਮੰਡਾਂ, ਜਲਥਲ, ਬਣ ਬਨਸਪਤੀ, ਜੀਵ-ਜੰਤੂਆਂ ਦਾ ਕਰਤਾ।

ਜਦ ਮਨੁੱਖ ਦੇ ਧਿਆਨ ਵਿਚ ਆਇਆ ਦਿਸਦਾ ਜਗਤ ਨਹੀਂ ਸੀ, ਤਾਂ ਕਰਤਾ ਪੁਰਖ, ਸੁੰਨ ਸਮਾਧੀ ਵਿਚ ਸੀ, ਨਿਰਗੁਣ ਰੂਪ ਵਿੱਚ-

ਅਰਬਦ ਨਰਬਦ ਧੁੰਧੂਕਾਰਾ।
ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ।

—ਮਾਰੂ ਮਹਲਾ ਪਹਿਲਾ

ਇਸ ਸੁੰਨਸਮਾਧ ਦੀ ਸਥਿਤੀ ਵਿਚੋਂ ਸਰਗੁਣ ਰੂਪ ਹੋ ਕੇ ਉਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। ਯਹੂਦੀ ਧਰਮ ਦੇ ਅਧਾਰ ਗ੍ਰੰਥ ਤੌਰੇਤ ਵਿਚ ਲਿਖਿਆ ਹੈ, "ਓਸੇ (ਪਰਮੇਸ਼ਰ) ਨੇ ਪ੍ਰਿਥਵੀ ਨੂੰ ਆਪਣੀ ਸ਼ਕਤੀ- ਸਮਰਥਾ ਨਾਲ ਬਣਾਇਆ। ਉਸ ਨੇ ਜਗਤ ਨੂੰ ਆਪਣੀ ਬੁੱਧੀ ਦੁਆਰਾ ਸਥਿਰ ਕੀਤਾ ਅਤੇ ਅਕਾਸ਼ ਨੂੰ ਆਪਣੀ ਕਲਾ ਪ੍ਰਬੀਨਤਾ ਨਾਲ ਤਣਿਆ।"

ਸਤਿਗੁਰੂ ਸਾਹਿਬਾਨ ਨੇ ਉਸ ਸਿਰਜਨਾਤਮਕ ਸ਼ਕਤੀ ਨੂੰ ਓਅੰਕਾਰ ਲਿਖਿਆ ਹੈ। ਓਸੇ ਨੇ ਜਗਤ ਉਪਾਇਆ ਹੈ। ਪਰ ਜਗਤ ਦੀ ਰਚਨਾ ਕਿਸ ਸਮੇਂ ਦਿਨ, ਥਿਤ, ਵਾਰ ਜਾਂ ਰੁਤ ਵਿੱਚ ਹੋਈ ਬਾਰੇ ਚਿੰਤਨ ਮਨਣ ਬਾਅਦ ਇਹ ਹੀ ਸਿੱਟਾ ਨਿਕਲਦਾ ਹੈ:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।

ਜਪੁ–ਸਤਿਗੁਰੂ ਨਾਨਕ ਦੇਵ ਜੀ

ਉਸੇ ਕਰਤਾ ਪੁਰਖ ਨੇ ਪ੍ਰਕਿਰਤੀ ਦੀ ਸਿਰਜਨਾ ਕੀਤੀ, ਤਿੰਨ ਗੁਣ ਰਚੇ- ਸਤੋ, ਤਮੋ ਤੇ ਰਜੋ ਅਤੇ ਜੀਵ ਦੀ ਰਚਨਾ ਕੀਤੀ। ਪੁਰਖ ਅਤੇ ਪ੍ਰਕਿਰਤੀ ਦੇ ਮੇਲ ਨਾਲ ਸਾਰਾ ਪਸਾਰਾ ਪਸਰਿਆ।

ਜੀਵਾਂ ਦੀਆਂ ੮੪ ਲਖ ਜੂਨਾਂ ਬਣੀਆਂ ਜਿਨ੍ਹਾਂ ਵਿੱਚੋਂ ਮਨੁੱਖ ਦੀ ਸਰਦਾਰੀ ਬਣੀ:

ਅਵਰ ਜੋਨਿ ਤੇਰੀ ਪਨਿਹਾਰੀ।

ਇਸੁ ਧਰਤੀ ਮਹਿ ਤੇਰੀ ਸਿਕਦਾਰੀ।

ਆਸਾ ਮਹਲਾ ੫

ਮਨੁਖ ਨੂੰ ਇਸ ਗਲ ਦਾ ਚੇਤਾ ਕਰਾਉਂਦੇ ਰਹਿਣ ਲਈ ਕਿ ਤੂੰ ਜਿਸ ਕਰਤੇ ਦੀ ਕਿਰਤ ਹੈਂ ਉਸ ਨੂੰ ਨਾ ਭੁੱਲ; ਸਮੇਂ ਸਮੇਂ ਦੇਵੀ ਦੇਵਤੇ, ਪੀਰ, ਪੈਗੰਬਰ ਹੋਏ। ਪਰ ਉਹਨਾਂ ਪਾਰਬ੍ਰਹਮ ਪਰਮੇਸ਼ਰ ਦੀ ਲਖਤਾ ਕਰਾਉਣ ਦੀ ਥਾਂ ਆਪਣੀ ਪੂਜਾ ਕਰਵਾਉਣੀ ਸ਼ੁਰੂ ਕੀਤੀ :

ਸਭ ਅਪਨੀ ਅਪਨੀ ਉਰਝਾਨਾ।

ਪਾਰਬ੍ਰਹਮ ਕਾਹੂ ਨ ਪਛਾਨਾ। ਬਿਚਿਤ੍ਰ ਨਾਟਕ

ਜਿਸ ਦੇ ਸਿੱਟੇ ਵਜੋਂ ਮਨੁੱਖ ਭਟਕ ਗਿਆ। ਉਹ ਆਪਣੇ ਮੁੱਢ ਮੂਲ ਨਾਲੋਂ ਟੁੱਟਾ ਰਿਹਾ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿੱਚ ਗ੍ਰਸਿਆ ਗਿਆ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਰੇ

ਵਿਸਤਾਰ ਵਿੱਚ ਲਿਖਦਿਆਂ ਆਪਣੀ ਕਥਾ ਵਿੱਚ ਕਿਹਾ ਕਿ ਅਕਾਲ ਪੁਰਖ ਨੇ ਉਹਨਾਂ ਨੂੰ ਇਸ ਧਰਤੀ ਉਤੇ ਧਰਮ ਚਲਾਉਣ ਅਤੇ ਲੋਕਾਂ ਨੂੰ (ਨਿਰੰਕਾਰ ਨੂੰ ਭੁਲਣ) ਦੇ ਖੋਟੇ ਕਰਮ ਕਰਨ ਤੋਂ ਹਟਾਉਣ ਲਈ ਭੇਜਿਆ ਸੀ। ਕਿਉਂਕਿ ਜਿਹੜਾ ਬੰਦਾ ਨਿਰੰਕਾਰ ਨੂੰ ਭੁਲ ਜਾਂਦਾ ਹੈ ਉਹ ਹੋਰ ਵਧ ਖੋਟੇ ਕਰਮ ਕਰਨ ਲਗ ਹੀ ਜਾਂਦਾ ਹੈ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪਰਵਾਰਕ ਪਿਛੋਕੜ ਅਤੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਪਰਵਾਰਕ ਪਿਛੋਕੜ ਇੱਕੋ ਸੀ। ਆਪ ਤਰੇਤੇ ਦੇ ਅਵਤਾਰ ਸੂਰਜ ਬੰਸੀ ਭਗਵਾਨ ਰਾਮ ਚੰਦਰ ਦੀ ਅੰਸ ਬੰਸ ਵਿੱਚੋਂ ਸਨ। ਲਵ ਦੇ ਪੁੱਤਰ ਪੋਤਰਿਆਂ ਵਿਚੋਂ ਇੱਕ ਸੋਢੀ ਰਾਏ ਹੋਏ ਜਿਨ੍ਹਾਂ ਦੀ ਸੰਤਾਨ ਸੋਢੀ ਕਹਾਈ ਤੇ ਰਾਜ ਕਰਦੀ ਰਹੀ। ਕੁਸ਼ ਦੀਆਂ ਔਦੀਆਂ ਪੀੜ੍ਹੀਆਂ ਕਾਂਸ਼ੀ ਜਾ ਕੇ ਚਾਰੇ ਵੇਦ ਪੜ੍ਹੇ, ਵੇਦੀ ਕਹਾਏ ਅਤੇ :

ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ।
ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ।
ਬਿਚਿਤ੍ਰ ਨਾਟਕ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਪਹਿਲੇ ਅਧਿਆਤਮਕ, ਮਨੁਖੀ ਕਦਰਾਂ ਕੀਮਤਾਂ ਅਤੇ ਸੰਸਾਰ ਦੀ ਮੂਲ ਸਭਿਅਤਾ ਦੇ ਕੇਂਦਰ ਭਾਰਤ ਦਾ ਪਤਨ ਹੋ ਚੁਕਾ ਸੀ। ਰਾਜਨੀਤਕ ਤੌਰ ਤੇ ਕਾਬਲ, ਕੰਧਾਰ ਜਾਂ ਸਮਰਕੰਦ ਵਲੋਂ ਆਉਣ ਵਾਲੇ ਹਮਲਾਵਰ ਏਥੋਂ ਦੇ ਹਾਕਮ ਬਣ ਬੈਠੇ ਸਨ। ਉਹਨਾਂ ਦੇ ਬੰਸਾਂ ਦੇ ਬੰਸ ਰਾਜ ਕਰਦੇ ਰਹੇ। ਉਹ ਬੰਸ ਸਨ, ਖ਼ਿਲਜੀ, ਤੁਗ਼ਲਕ, ਗ਼ੁਲਾਮ, ਲੋਧੀ ਆਦਿ। ਉਹਨਾਂ ਨੇ ਭਾਰਤ ਉੱਤੇ ਜ਼ੁਲਮ ਜ਼ਬਰ ਕੀਤਾ। ਏਥੋਂ ਦੇ ਮੰਦਰਾਂ ਨੂੰ ਤੋੜਿਆ। ਕੀਮਤੀ ਸਮਾਨ ਲੁੱਟਿਆ। ਧਰਮ, ਕਰਨ, ਹੋਮ-ਯਗ ਕਰਨ ਵਾਲੇ ਲੋਕਾਂ ਨੂੰ ਤਸੀਹੇ

ਦਿੱਤੇ ; ਉਹਨਾਂ ਨੂੰ ਮੁਸਲਮਾਨ ਹੋਣ ਲਈ ਮਜਬੂਰ ਕੀਤਾ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ:

ਹਿੰਦੂਨ ਕੋ ਦੁਖ ਦਏ ਮਹਾਏ।
ਦੇਵਨ ਕੇ ਮੰਦਿਰ ਗਿਰਵਾਏ।
ਘੋਰ ਨਾਥ ਸੇ ਅਉਘੜ ਸਾਧੂ।
ਪੰਡਿਤ ਦਤ ਸੇ ਸੁਮਤ ਅਗਾਧੂ।
ਮਰਵਾ ਚੀਲਨ ਕੋ ਖੁਲਵਾਏ।
ਕੇਚਿਤ ਮੇਖੈਂ ਠੋਕ ਸੁਕਾਏ।
ਕੇਚਿਤ ਕੱਚੇ ਚੰਮ ਮੜ੍ਹਾਏ।
ਕੇਚਿਤ ਕੁੱਤਿਓ ਸੇ ਤੁੜਵਾਏ।
ਤੁਰਕ ਹੋਵਣਾ ਜਿਨੈ ਨ ਮਾਨਿਓ।
ਤਿਨ ਤਿਨ ਕੌ ਅਤਿ ਦੈ ਦੁਖ ਹਾਨਿਓ।
ਗੋ ਗਰੀਬ ਕੋ ਬਧ ਕਰ ਸੂਟੈਂ।
ਧਨੀ ਦੇਖ ਤਾਕਾ ਧਨ ਲੂਟੈਂ।
ਯਗ ਹਵਨ ਕੋਈ ਕਰਨ ਨ ਪਾਏ।
ਕਰੈ ਜੁ ਤਹਿ ਦੁਖ ਦੇਤ ਮਹਾਏ।
ਸੁੰਦ੍ਰ ਪਿਖੈਂ ਜਾਹਿ ਕੀ ਤਰਨੀ।
ਪਕਰ ਕਰੈ ਬਲ ਸੋਂ ਨਿਜ ਘਰਨੀ।

ਪੰਥ ਪ੍ਰਕਾਸ਼-ਅਧਿਆਇ ੩

ਇਹ ਸਥਿਤੀ ਮੁਗਲ ਹਮਲਾਵਰ ਬਾਬਰ ਸਮੇਂ ਵੀ ਸੀ। ਉਹ ਤਾਂ ਹਿੰਦੂਆਂ ਕੀ ਮੁਸਲਮਾਨਾਂ ਦੀ ਇਜ਼ਤ ਦੇ ਵੀ ਸੱਕੇ ਨਹੀਂ ਸਨ। ਉਸ ਸਮੇਂ ਮੁਸਲਮਾਨੀਆਂ ਵੀ ਸਰੀਰਕ ਤੇ ਮਾਨਸਿਕ ਦੁੱਖ ਭੋਗਦੀਆਂ ਰਹੀਆਂ ਸਨ।

ਇਸ ਦੁਰਦਸ਼ਾ ਦੇ ਪਿਛੋਕੜ ਵਿੱਚ ਭਾਰਤ ਦੀਆਂ ਬਾਹੂ ਬਲ, ਬੁੱਧੀ ਬਲ ਅਤੇ ਅਧਿਆਤਮ ਬਲ ਰੱਖਣ ਵਾਲੀਆਂ ਜਮਾਤਾਂ ਨੇ ਹਥਿਆਰ ਸੁਟ ਦਿਤਾ ਸੀ।

ਇਥੋਂ ਦੀ ਰਾਜ ਭਾਗ ਤੇ ਫੌਜੀ ਸ਼ਕਤੀ ਮੁਸਲਮਾਨ

ਹਾਕਮਾਂ ਦੀ ਅਧੀਨਤਾ ਸਵੀਕਾਰ ਕਰ ਚੁੱਕੀ ਸੀ। ਪੰਡਤ (ਬੁੱਧੀਮਾਨ) ਵੀ ਉਹਨਾਂ ਤੋਂ ਪਿਛੇ ਨਹੀਂ ਸਨ ਰਹੇ। ਉਹਨਾਂ ਤਾਂ ਸਗੋਂ:

ਨੀਲ ਬਸਤ੍ਰ ਲੇ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ।

ਮਹਲਾ ੧

ਅਤੇ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।

—ਮਹਲਾ ੧

ਉਹਨਾਂ ਦੇ ਹਿੰਦੂ ਮਰਯਾਦਾ ਧਾਰਨੀ ਹੋਣ ਦੇ ਪਖੰਡ ਬਾਰੇ ਪਹਿਲੇ ਪਾਤਸ਼ਾਹ ਲਿਖਦੇ ਹਨ:

ਗਊ ਬਿਰਾਹਮਣ ਕਉ ਕਰੁ ਲਾਵਹੁ
ਗੋਬਰਿ ਤਰਣੁ ਨ ਜਾਈ।
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।

ਉਹ ਪੰਡਤ, ਤੁਰਕਾਂ ਨੂੰ ਖੁਸ਼ ਕਰਨ ਲਈ ਕੇਵਲ ਮੁਸਲਮਾਨਾਂ ਦਾ ਧਰਮ ਗ੍ਰੰਥ ਹੀ ਨਹੀਂ ਪੜ੍ਹਦੇ ਸਗੋਂ ਸਾਮੀ ਧਰਮਾਂ ਦੇ ਚਾਰੇ ਕਤੇਬ : ਤੌਰੇਤ ਜ਼ੱਬੂਰ, ਇੰਜ਼ੀਲ ਅਤੇ ਕੁਰਾਨ ਪੜ੍ਹਦੇ ਸਨ ਤਾਂ ਕਿ ਆਪਣੀ ਵਫਾਦਾਰੀ ਦਾ ਪੱਕਾ ਸਬੂਤ ਦੇ ਸੱਕਣ।

ਅਧਿਆਤਮਕ ਚਿੰਤਨ ਕਰਨ ਵਾਲੇ ਪਹਾੜਾਂ ਨੂੰ ਚਲੇ ਗਏ। ਦੇਸ਼ ਦੀ ਭੈੜੀ ਹਾਲਤ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਲਿਖਿਆ:

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ।

ਹਉ ਭਾਲਿ ਵਿਕੁੰਨੀ ਹੋਈ।
ਆਧੇਰੈ ਰਾਹੁ ਨਾ ਕੋਈ।

ਇਸੇ ਅਧੋਗਤੀ ਵਿੱਚੋਂ ਲੋਕਾਂ ਨੂੰ ਕਢਣ ਵਾਸਤੇ, ਧਰਤ ਲੁਕਾਈ ਨੂੰ ਸੋਧਣ ਵਾਸਤੇ ਸਤਿਗੁਰੂ ਜੀ ਨੇ ਉਦਾਸੀਆਂ ਕੀਤੀਆਂ। ਸੰਸਾਰੀ ਜੀਵਾਂ ਨੂੰ ਧਰਮ ਦਾ ਰਸਤਾ ਦਸਿਆ ਅਤੇ ਅਕਾਲ ਪੁਰਖ ਦੀ ਲਖਤਾ ਕਰਾਈ। ਭਾਈ ਗੁਰਦਾਸ ਜੀ ਨੇ ਉਹਨਾਂ ਦੇ ਉਪਦੇਸ਼ ਦੇ ਅਸਰ ਬਾਰੇ ਲਿਖਿਆ ਹੈ:

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ
ਕਲਿਜੁਗਿ ਅੰਦਰਿ ਇਕੁ ਦਿਖਾਇਆ।
ਚਾਰੇ ਪੈਰ ਧਰਮ ਦੇ
ਚਾਰਿ ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗ ਬਾਬੇ ਤਾਰਿਆ
ਸਤਿਨਾਮੁ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕੁ ਆਇਆ।

ਸਤਿਗੁਰੂ ਜੀ ਨੇ ਗ਼ਰੀਬ, ਮਾੜੇ ਤੇ ਸੱਚੇ ਸੁੱਚੇ ਲੋਕਾਂ ਤੇ ਕਿਰਪਾ ਕੀਤੀ, ਅੰਧ ਵਿਸ਼ਵਾਸੀਆਂ ਨੂੰ ਗਿਆਨ ਦਿੱਤਾ, ਬੁੱਧੀ ਜੀਵੀਆਂ ਨਾਲ ਗੋਸ਼ਟਾਂ ਕੀਤੀਆਂ, ਜੀਵ ਕਲਿਆਣ ਲਈ ਉਪਦੇਸ਼ ਦਿੱਤਾ। ਆਪ ਦੇ ਪੈਰੋਕਾਰਾਂ ਦੀ ਇੱਕ ਜਮਾਤ ਤਿਆਰ ਹੋ ਗਈ ਜਿਸ ਨੂੰ ਸਦਾ ਅਗਵਾਈ ਦੀ ਲੋੜ ਸੀ। ਉਸ ਜਮਾਤ ਦੇ ਭਲੇ ਲਈ ਆਪ ਨੇ ਆਪਣੇ ਆਗਿਆਕਾਰ ਸਿੱਖ ਭਾਈ ਲਹਿਣਾ ਨੂੰ ਗੁਰਗੱਦੀ ਅਰਪਨ

ਕਰਕੇ ਆਪ ਨੇ ਇਸ ਅਸਾਰ ਸੰਸਾਰ ਤੋਂ ਕੂਚ ਕੀਤਾ। ਬੱਸ, ਰੂਪ ਬਦਲ ਗਿਆ ਜੋਤਿ ਓਹਾ ਰਹੀ ਅਤੇ ਭਾਈ ਲਹਿਣਾ ਜੀ, ਸਤਿਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਸਿੱਖਾਂ ਸੇਵਕਾਂ ਤੇ ਬਖ਼ਸ਼ਸ਼ ਕਰਨ ਲਗੇ:

–ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ।
ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ।

(ਰਾਮਕਲੀ ਕੀ ਵਾਰ
ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ)

ਇਹ ਜੋਤ ਗੁਰੂ ਅਮਰਦਾਸ ਅਤੇ ਉਸ ਤੋਂ ਅਗੇ ਵੀ ਕਾਇਆ ਪਲਟ ਕੇ ਆਉਂਦੀ ਰਹੀ। ਇਹ ਨਿਰੰਜਨੀ ਜੋਤ ਸੀ ਜਿਹੜੀ ਜੁਗਾਂ ਜੁਗਾਂਤਰਾਂ ਤੋਂ ਮਨੁੱਖਤਾ ਦੇ ਭਲੇ ਲਈ, ਜੀਵ ਮਾਤਰ ਦੇ ਕਲਿਆਣ ਲਈ, ਸ੍ਰਿਸ਼ਟੀ ਦੇ ਉਧਾਰ ਲਈ ਪ੍ਰਗਟ ਹੁੰਦੀ ਰਹੀ। ਇਸ ਬਾਰੇ ਬਾਣੀ ਵਿਚ ਲਿਖਿਆ ਹੈ:

ਸਤਿਜੁਗਿ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ।।
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ।।
ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ।।
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।।
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।।
ਸ੍ਰੀ ਗੁਰੂ ਰਾਜੁ ਅਬਚਲੁ ਅਟਲੁ,
ਆਦਿ ਪੁਰਖਿ ਫੁਰਮਾਇਓ।।

ਸਤਿਗੁਰੂ ਸਾਹਿਬਾਨ ਨੇ ਪ੍ਰਾਣੀ ਮਾਤਰ ਦੇ ਭਲੇ ਲਈ ਉਪਦੇਸ਼ ਦਿੱਤਾ, ਖਸਮ ਦੀ ਬਾਣੀ ਰਾਹੀਂ ਗਿਆਨ ਦਿੱਤਾ ਅਤੇ ਸਿੱਖਾਂ ਨੂੰ ਸਿੱਖਿਆ ਦਿੱਤੀ ਕਿ ਸਤਿਗੁਰੂ ਦੀ ਬਾਣੀ ਸਤਿ ਕਰਕੇ ਮੰਨੋ ਕਿਉਂਕਿ ਇਹ ਕਰਤੇ ਦੀ ਮੁਖੋ ਕਢਵਾਈ ਹੋਈ ਬਾਣੀ ਹੈ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।

ਮਹਲਾ ੪

ਸਤਿਗੁਰੂ ਦੀ ਬਾਣੀ ਬਿਨਾ ਹੋਰ ਬਾਣੀ ਕਚੀ ਹੈ,
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।। *ਰਾਮਕਲੀ ਮਹਲਾ ੩*

ਕੱਚੀ ਤੇ ਸੱਚੀ ਬਾਣੀ ਦਾ ਭੁਲੇਖਾ ਦੂਰ ਕਰਨ ਲਈ, ਸਤਿਗੁਰੂ ਸਾਹਿਬਾਨ ਨੇ ਸਮੇਂ ਸਮੇਂ ਬਾਣੀ ਰਚਣ ਦੇ ਨਾਲ, ਆਪਣੇ ਸਮਕਾਲੀ ਜਾਂ ਪੂਰਵਕਾਲੀ ਭਗਤਾਂ ਦੀ ਬਾਣੀ ਇਕੱਤਰ ਕੀਤੀ। ਸਤਿਗੁਰੂ ਅਰਜਨ ਦੇਵ ਜੀ ਨੇ ਇਹ ਸਾਰੀ ਬਾਣੀ ਸੰਪਾਦਿਤ ਕੀਤੀ। ਗੁਰਮਤ ਵਿਚਾਰਧਾਰਾ ਦੀ ਪ੍ਰੋੜਤਾ ਕਰਦੀ ਭੱਟਾਂ ਤੇ ਕੀਰਨੀਆਂ ਦੀ ਬਾਣੀ ਨੂੰ ਇਸ ਵਿੱਚ ਸ਼ਾਮਿਲ ਕੀਤਾ। ਆਪ ਨੇ ਗੁਰੂ ਬਾਣੀ ਦਾ ਗ੍ਰੰਥ ਤਿਆਰ ਕੀਤਾ ਜਿਸ ਦਾ ਨਾਮ ਪੋਥੀ ਸਾਹਿਬ, ਬੀੜ, ਸ੍ਰੀ ਆਦਿ ਗ੍ਰੰਥ ਸਾਹਿਬ, ਸਵਾਰਾ ਸਾਹਿਬ, ਦਰਬਾਰ ਸਾਹਿਬ ਆਦਿ ਲਿਖਿਆ ਜਾਣ ਲੱਗਾ।

ਸਤਿਗੁਰੂ ਜੀ ਨੇ ਇਸ ਦੇ ਅਰਥਾਂ, ਲਗਾਂ-ਮਾਤਰਾਂ ਨੂੰ ਸਮਝ ਕੇ ਸ਼ੁਧ ਪਾਠ ਕਰਨ ਦੀ ਸਿੱਖਿਆ ਦਿੱਤੀ। ਬਾਣੀ ਦਾ ਸ਼ੁਧ ਪਾਠ ਸੁਣਾਉਣ ਵਾਲਿਆਂ ਨੂੰ ਸਤਿਗੁਰੂ ਸਾਹਿਬਾਨ ਵਲੋਂ, ਇਨਾਮ; ਭੇਟਾ ਮਾਣ ਵਡਿਆਈ ਮਿਲਣ ਲੱਗੀ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਤਾਂ, ਸੂਰਜ ਪ੍ਰਕਾਸ਼ ਅਨੁਸਾਰ ਜਪੁਜੀ ਦਾ ਸ਼ੁਧ ਪਾਠ ਸੁਣ ਕੇ ਇੱਕ ਸਿੱਖ ਗੁਪਾਲੇ ਨੂੰ ਆਪਣੀ ਗੱਦੀ ਦੇਣ ਲਈ ਤਿਆਰ ਹੋ ਗਏ। ਪਰ ਉਸ ਸਿੱਖ ਦੇ ਮਨ ਵਿੱਚ ਕੇਵਲ ਵਧੀਆ ਘੋੜਾ ਲੈਣ ਦੀ ਭਾਵਨਾ ਪੈਦਾ ਹੋਈ ਜੋ ਸਤਿਗੁਰੂ ਜੀ ਨੇ ਪੂਰੀ ਕੀਤੀ।

ਗੁਰਬਾਣੀ ਦੇਹ ਧਾਰੀ ਗੁਰੂ ਦੀ ਰਚਨਾ ਹੈ। ਗੁਰਬਾਣੀ ਵਿੱਚ ਦਿੱਤੀ ਗੁਰੂ ਜਾਂ ਸਤਿਗੁਰੂ ਦੀ ਵਡਿਆਈ ਦੇਹਧਾਰੀ ਸਤਿਗੁਰੂ ਉੱਤੇ ਹੀ ਢੁਕਦੀ ਹੈ। ਸੋ ਗੁਰੂ ਬਾਣੀ ਗੁਰੂ ਦਾ ਬਦਲ ਨਹੀਂ ਹੋ ਸਕੱਦੀ। ਇਸ ਦਾ ਨਿਰਨਾ, ਇਤਿਹਾਸਕ ਤੌਰ ਉੱਤੇ ਵੀ, ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਸਮੇਂ ਹੋ ਗਿਆ ਸੀ।

ਸੀਤਲਾ ਨਿਕਲਣ ਕਾਰਨ ਆਪ ਜੀ ਦਾ ਬਚਪਨ ਵਿੱਚ ਹੀ ਸਰੀਰ ਢਿਲਾ ਰਹਿਣ ਲੱਗਾ। ਆਪਜੀ ਦੀ ਹਜ਼ੂਰੀ ਵਿੱਚ ਬੈਠੇ। ਦਿੱਲੀ ਦੀ ਸੰਗਤ ਦੇ ਆਗੂ ਭਾਈ ਗੁਰਬਖਸ਼ ਨੇ ਅਰਜ਼ ਕੀਤੀ :

ਆਗੈ ਭਏ ਸਪਤ ਗੁਰ ਜੋਇ।
ਦਾਸ ਕਿਧੌ ਲਾਇਕ ਸੁਤ ਹੋਇ।
ਸਭ ਬਿਧ ਤੇ ਸਮਰਥ ਤਿਸ ਕਰਕੈ।
ਗੁਰਤਾ ਗਾਦੀ ਪਰ ਬੈਠਰਕੈ।
ਬਹੁਰ ਚਹੈ ਪ੍ਰਲੋਕ ਪਯਾਨਾ
ਕਰਤ ਰਹੈ ਜਨ ਗਨ ਦੁਖ ਹਾਨਾ। -ਗੁਰਪ੍ਰਤਾਪ ਸੂਰਜ

ਸੋ ਕਿਰਪਾ ਕਰਕੇ ਸਾਨੂੰ ਸਤਿਗੁਰੂ ਦੇ ਲੜ ਲਾਓ। ਸਿੱਖਾਂ ਦੀ ਭਾਵਨਾ ਧਿਆਨ ਵਿਚ ਰਖਕੇ ਸਤਿਗੁਰੂ ਜੀ ਨੇ ਸਿੱਖਾਂ ਵਿੱਚ ਦੇਹਧਾਰੀ ਗੁਰੂ ਪ੍ਰਤੀ ਸ਼ਰਧਾ ਦੀ ਮਾਤਰਾ ਜਾਨਣ ਲਈ ਬਚਨ ਕੀਤਾ:

ਗੁਰਗਾਦੀ ਅਬਚਲ ਜਗ ਮਾਂਹੀਂ।
ਵਧਹਿ ਪ੍ਰਤਾਪ ਮਿਟਹਿ ਕਿਮ ਨਾਹੀ।
ਮਨੋ ਕਾਮਨਾ ਸੰਗਤ ਪਾਵਹਿ।
ਲੈ ਗੁਰ ਤੇ ਉਪਦੇਸ ਕਮਾਵਹਿ।
ਗੁਰੂ ਗ੍ਰੰਥ ਸਾਹਿਬ ਸਭ ਕੇਰਾ।
ਜੋ ਹਮਰੋ ਚਹਿ ਦਰਸਨ ਹੇਰਾ।

-ਗੁਰ ਪ੍ਰਤਾਪ ਸੂਰਜ

ਪਰ ਸਿੱਖਾਂ ਨੂੰ ਪਤਾ ਸੀ ਕਿ ਪਹਿਲਾਂ ਗੁਰੂ ਅੰਸ ਨੇ ਗੁਰਗੱਦੀ ਉੱਤੇ ਸੰਤਾਨ ਹੋਣ ਦਾ ਅਧਿਕਾਰ ਸਮਝ ਕੇ ਦੁਬਿਧਾ ਖੜੀ ਕੀਤੀ ਸੀ। ਗੁਰਗਦੀ ਦੇ ਦਾਵੇਦਾਰਾਂ ਦੀ ਗਿਣਤੀ ਹੋਰ ਵਧ ਗਈ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਕੋਈ ਵੀ ਲਿਖਵਾ ਕੇ, ਉਸ ਦਾ ਗੁਰੂ ਵਜੋਂ ਪ੍ਰਕਾਸ਼ ਕਰਕੇ, ਉਸ ਦੇ ਆਸਰੇ ਆਪਣੀ ਮਾਣ-ਪ੍ਰਤਿਸ਼ਠਾ, ਰੋਜੀ ਰੋਟੀ ਦਾ ਰਾਹ ਲੱਭ ਸਕਦਾ ਸੀ ਅਤੇ ਗੁਰਗੱਦੀ ਨੂੰ ਹਾਸੋ ਹੀਣਾ ਬਣਾ ਸਕਦਾ ਸੀ। ਸੋ ਭਾਈ ਗੁਰਬਖਸ਼ ਨੇ ਦੁਬਾਰਾ ਅਰਜ਼ ਕੀਤੀ ਕਿ ਸਿੱਖਾਂ ਦਾ ਭਲਾ ਦੇਹਧਾਰੀ ਗੁਰੂ ਦੇ ਲੜ ਲਗਿਆਂ ਹੀ ਹੈ। ਕਿਉਂਕਿ,

ਬਿਨ ਗੁਰ ਸੰਗਤ ਹੈਵੈ ਥਿਰ ਕੋਇ ਨ।
ਜਥਾ ਨ੍ਰਿਪਤ ਬਿਨ ਸੈਨਾ ਹੋਇ ਨ।
ਜੋ ਗੁਰੂ ਗ੍ਰੰਥ ਆਪ ਨੇ ਭਨਯੋ।
ਸੋ ਸਗਰੇ ਸਿਖਨ ਹੂ ਸੁਨਯੋ।
ਲਿਖ ਲੈ ਹੈ ਅਬ ਸੋਢੀ ਸਾਰੇ।
ਬੈਠਹਿ ਮਾਨੀ ਗੁਰ ਹੋਇ ਭਾਰੇ। -ਗੁਰ ਪ੍ਰਤਾਪ ਸੂਰਜ

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਿੱਖਾਂ ਦੀਆਂ ਇਹਨਾਂ ਅਰਜ਼ਾਂ ਉੱਤੇ ਖੁਸ਼ੀ ਪ੍ਰਗਟ ਕੀਤੀ ਅਤੇ

ਬਾਬਾ ਬਸਹਿ ਜਿ ਗ੍ਰਾਮ ਬਕਾਲੇ।
ਬਨਿ ਗੁਰ ਸੰਗਤ ਸਗਲ ਸਮਾਲੇ। ਕਹਿ ਗੁਰ ਗੱਦੀ ਦਿੱਤੀ।

ਨੌਵੇਂ ਪਾਤਸ਼ਾਹ ਨੇ ਭੋਰੇ ਵਿੱਚ ਬੈਠ ਕੇ ਕਈ ਸਾਲ ਤਪਸਿਆ ਕੀਤੀ, ਪੁੰਨ ਦਾਨ ਕੀਤੇ। ਗੱਦੀ ਨਸ਼ੀਨ ਹੋਣ ਬਾਅਦ ਆਪ ਨੇ ਬੰਗਾਲ, ਅਸਾਮ ਤੱਕ ਦੇ ਉੱਤਰੀ ਪੂਰਬੀ ਭਾਰਤ ਦੇ ਦੌਰੇ ਕੀਤੇ। ਪਟਨੇ ਸ਼ਹਿਰ, ਆਪ ਦੇ ਗ੍ਰਿਹਿ ਵਿਖੇ ਦਸਵੇਂ ਪਾਤਸ਼ਾਹ ਪ੍ਰਕਾਸ਼ਮਾਨ ਹੋਏ। ਆਪ ਜ਼ੁਲਮ, ਜ਼ਬਰ ਦੀ ਜੜ੍ਹ ਪੱਟਣ ਲਈ, ਸਨਾਤਨ ਧਰਮ ਦੀ ਰਾਖੀ

ਲਈ, ਭਾਰਤੀਆਂ ਨੂੰ ਔਰੰਗਜ਼ੇਬ ਰਾਹੀਂ ਮੁਸਲਮਾਨ ਕੀਤੇ ਜਾਣੋਂ ਬਚਾਉਣ ਲਈ ੧੬੭੫ ਈ. (੧੭੩੨ ਬਿ.) ਨੂੰ ਸ਼ਹਾਦਤ ਦੇ ਗਏ।

ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਨੂੰ ਸੁਸ਼ੋਭਤ ਕੀਤਾ। ਆਪ ਨੇ ਸ਼ਾਸਤਰ ਵਿਦਿਆ ਗ੍ਰਹਿਣ ਕੀਤੀ ਤੇ ਸ਼ਸਤਰ ਵਿਦਿਆ ਵਿੱਚ ਪ੍ਰਬੀਨਤਾ ਪ੍ਰਾਪਤ ਕੀਤੀ। ਭਾਰਤ ਦੀ ਢਹਿੰਦੀ ਕਲਾ ਬਾਰੇ ਚਿੰਤਨ ਕੀਤਾ। ਬੀਰ ਰਸੀ ਅਤੇ ਅਧਿਆਤਮ ਵਾਦੀ ਬਾਣੀ ਦੀ ਰਚਨਾ ਕੀਤੀ। ਚੰਗੇ ਕਵੀਆਂ, ਸਿੱਖਾਂ ਸ਼ਸਤਰ ਧਾਰੀਆਂ ਉੱਤੇ ਬਖਸ਼ਸ਼ ਕੀਤੀ। ਖਾਲਸਾ ਪੰਥ ਦੀ ਸਾਜਣਾ ਕੀਤੀ ਅਤੇ ਜ਼ਾਲਮ ਸਰਕਾਰ ਨਾਲ ਲੋਹਾ ਲੈਣ ਦੀ ਤਿਆਰੀ ਕੀਤੀ। ਜੁਧਾਂ ਜੰਗਾਂ ਵਿਚ ਆਪ ਨਾਲ ਕੇਵਲ ਮੁਗਲ ਫ਼ੌਜ ਹੀ ਨਹੀਂ ਲੜੀ, ਜਿਨ੍ਹਾਂ ਦੇ ਹੱਕ ਸੱਚ ਲਈ ਆਪ ਲੜ੍ਹੇ ਉਹ ਹਿੰਦੂ ਰਾਜੇ ਖ਼ਾਸ ਕਰਕੇ ਬਾਈਧਾਰ ਦੇ ਪਹਾੜੀ ਰਾਜੇ ਵੀ ਆਪ ਦੇ ਖਿਲਾਫ਼ ਲੜੇ। ਸਤਿਗੁਰੂ ਜੀ ਰਣਨੀਤੀ ਤੇ ਰਾਜਨੀਤੀ ਅਨੁਸਾਰ ਭੰਗਾਣੀ, ਅਨੰਦ ਪੁਰ ਦੇ ਕਿਲ੍ਹੇ, ਚਮਕੌਰ ਦੀ ਗੜ੍ਹੀ ਅਤੇ ਖਿਦਰਾਣੇ ਦੀ ਢਾਬ ਆਦਿ ਸਥਾਨਾਂ ਉੱਤੇ ਜੰਗ ਕਰਦੇ ਰਹੇ। ਵਿਰੋਧੀਆਂ ਨੂੰ ਭਰਮ ਭੁਲੇਖੇ ਪਾਉਣ ਲਈ ਨਰ-ਨਾਟਕ ਕਰਦੇ ਰਹੇ। ਬਾਦਸ਼ਾਹ ਨੂੰ ਜ਼ਫ਼ਰਨਾਮਾ ਲਿਖ ਕੇ ਉਸਦੇ ਝੂਠੇ ਹੋਣ ਦਾ ਪਰਦਾ ਫਾਸ਼ ਕਰਦੇ ਰਹੇ ਅਤੇ ਜ਼ਾਲਮ ਰਾਜ ਦੀ ਇੱਟ ਨਾਲ ਇੱਟ ਖੜਕਾਉਣ ਲਈ ਬੰਦੇ ਨੂੰ ਤਿਆਰ ਕਰਦੇ ਰਹੇ।

ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ, ਮਾਛੀਵਾੜੇ ਦੇ ਜੰਗਲਾਂ ਨੂੰ ਪਾਰ ਕਰਕੇ, ਉੱਚ ਦੇ ਪੀਰ ਬਣਕੇ ਢਿਲਵੀਂ ਪਹੁੰਚਣ ਸਮੇਂ ਮੁਗਲ ਫੌਜ ਤੇ ਉਸਦੇ ਸੂਹੀਆਂ ਨੂੰ ਭੁਲੇਖੇ ਵਿੱਚ ਰੱਖਣ ਦੇ ਲਈ ਸਤਿਗੁਰੂ ਜੀ ਨੇ ਪਹਿਲੀ ਵਾਰ ਨੀਲੇ ਜਾਂ ਸੁਰਮਈ ਬਸਤਰ ਪਹਿਨੇ। ਭਾਵੇਂ ਆਪ ਜਾਣਦੇ

ਸਨ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ ਕਿ ਨੀਲੇ ਬਸਤਰ ਪਹਿਨਣੇ, ਤੁਰਕਾਂ ਪਠਾਣਾਂ ਜਾਂ ਮਲੇਛਾਂ ਦਾ ਬਾਣਾ ਹੈ ਫਿਰ ਵੀ ਸੋਢੀ ਕਉਲ ਰਾਏ ਨੇ ਢਿਲਵੀਂ ਪਹੁੰਚਣ ਉੱਤੇ ਆਪ ਨੂੰ ਅਰਜ਼ ਕੀਤੀ ਕਿ "ਇਹ ਕੀ ਖੇਡ ਹੈ, ਸੱਚੇ ਪਾਤਸ਼ਾਹ ਜੀ! ਆਪ ਨੇ ਤੁਰਕੀ ਬਾਣਾ ਕਿਉਂ ਧਾਰਨ ਕੀਤਾ ਹੈ! ਆਪ ਜੀ ਨੇ ਇਸ ਨੂੰ ਨੀਤੀ ਤੇ ਸਮੇਂ ਦੀ ਲੋੜ ਦਸਿਆ ਅਤੇ ਨਾਲ ਹੀ ਸਕੇਸ ਇਸ਼ਨਾਨ ਕਰਕੇ ਸਫ਼ੈਦ ਬਸਤਰ ਪਹਿਨ ਕੇ, ਅੰਗੀਠਾ ਬਾਲ ਕੇ, ਲੀਰ ਲੀਰ ਕਰਕੇ, ਉਸ ਵਿੱਚ ਨੀਲਾ ਬਾਣਾ ਸਾੜਦਿਆਂ ਹੋਇਆਂ ਇਹ ਤੁਕ ਪਲਟਾਈ :

ਨੀਲ ਬਸਤਰ ਲੇ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ।

ਇਸੇ ਦੀ ਸ਼ਹਾਦਤ ਮੈਕਾਲਫ ਨੇ ਭਰੀ ਹੈ।

ਇਸ ਬਾਰੇ ਕਾਨ੍ਹ ਸਿੰਘ ਨਾਭਾ ਦੀ ਲਿਖਤ ਹੈ :

ਇਥੇ (ਢਿਲਵਾਂ ਕਲਾਂ)ਕਲਗੀਧਰ, ਸੋਢੀ ਸਾਹਿਬ ਕੌਲ ਜੀ ਦੇ ਘਰ ਵਿਰਾਜੇ ਹਨ। ਕੌਲ ਜੀ ਦੀ ਬੇਨਤੀ ਮੰਨਕੇ ਮਾਛੀਵਾੜੇ ਵਾਲਾ ਨੀਲਾ ਬਾਣਾ ਉਤਾਰ ਕੇ ਚਿੱਟੇ ਵਸਤਰ ਧਾਰਨ ਕੀਤੇ। ਗੁਰੂ ਸਾਹਿਬ ਨੇ ਨੀਲੀ ਚਾਦਰ ਅੱਗ ਵਿੱਚ ਸਾੜਨ ਸਮੇਂ ਬਚਨ ਕੀਤਾ

ਨੀਲ ਵਸਤ੍ਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲ ਗਇਆ —ਮਹਾਨ ਕੋਸ਼

ਗਿਆਨੀ ਕਰਤਾਰ ਸਿੰਘ ਕਲਾਸਵਾਲੀਏ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਕਾਵਿ ਰਚਨਾ ਵਿਚ ਇਸ ਬਾਰੇ ਲਿਖਿਆ ਹੈ :

ਕੇਸ ਹਰੇ ਕਰ ਕੇ ਚੋਜੀ ਸਤਿਗੁਰੂ ਜੀ
ਚਲ ਪਾਸ ਅੰਗੀਠੇ ਦੇ ਜਾਂਵਦੇ ਨੇ।
ਲੀਰਾਂ ਕਰਕੇ ਨੀਲੀ ਪੁਸ਼ਾਕ ਦੀਆਂ

ਵਿਚ ਅੱਗ ਦੇ ਪਾ ਜਲਾਂਵਦੇ ਨੇ ।
ਨਾਲੇ ਫੂਕਦੇ ਜਾਂਦੇ ਪੁਸ਼ਾਕ ਤਾਂਈ,
ਨਾਲੇ ਤੁਕ ਇਹ ਪੜ੍ਹ ਸੁਨਾਂਵਦੇ ਨੇ।
ਯਥਾ ਨੀਲ ਬਸਤਰ ਲੈ ਕਪੜੇ ਫਾੜੇ
ਤੁਰਕ ਪੰਠਾਣੀ ਅਮਲ ਗਇਆ।
ਸੁਣ ਕਉਲ ਜੀ ਨੇ ਪਾਸੋਂ ਟੋਕ ਕੀਤੀ,
ਸ਼ਬਦ ਉਲਟਨੇ ਕਿਸ ਤਰ੍ਹਾਂ ਭਾਂਵਦੇ ਨੇ ?
ਰਾਮ ਰਾਇ ਨੇ ਤੁਕ ਉਲਟਾਈ ਹੈ ਸੀ
ਗੁਰੂ ਓਸ ਨੂੰ ਮੁਖ ਨ ਲਾਂਵਦੇ ਨੇ ।
ਤੁਸਾਂ ਪਹਿਰੇ ਦੇ ਥਾਂ ਫਾੜੇ ਆਖਯਾ ਏ
ਗਾਯਾ ਕੀਆ ਵੀ ਉਲਟ ਦਿਸਾਂਵਦੇ ਨੇ।
ਸ਼ਬਦ ਉਲਟਿਆ ਵਾਰ ਪਰਵਾਰ ਸਾਰਾ
'ਸ੍ਰੀ' ਕਲਗੀਧਰ ਬਤਾਂਵਦੇ ਨੇ।
ਸ਼ਬਦ ਉਲਟੇ ਬਿਨਾਂ ਕਰਤਾਰ ਸਿੰਘਾ
ਕਾਬੂ ਤੁਰਕ ਨਾ ਕਿਸੇ ਦੇ ਆਂਵਦੇ ਨੇ।

–ਦਸਮੇਸ਼ ਪ੍ਰਕਾਸ਼

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਤੁਕ ਭਾਵੇ ਪਲਟਾਈ ਪਰ ਬੀੜ ਵਿੱਚ ਤੁਕ ਜਿਉਂ ਦੀ ਤਿਉਂ ਰਹੀ, ਪਲਟਾਈ ਤੁਕ ਨਾ ਚੜ੍ਹ ਸਕੀ ਕਿਉਂਕਿ ਉਸ ਤੋਂ ਬਾਅਦ ਕੋਈ ਬੀੜ ਨਾ ਤਿਆਰ ਹੋਈ, ਨਾ ਉਚਾਰੀ ਗਈ। ਬੀੜ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾ ਕੇ ਆਪ ਜੀ ਪਹਿਲਾਂ ਹੀ ਅਨੰਦਪੁਰ ਸਾਹਿਬ ਵਿੱਚ ੧੭੩੨ ਬਿ.(੧੬੭੫ ਈ.) ਨੂੰ ਕਾਰਜ ਪੂਰਾ ਕਰ ਚੁਕੇ ਸਨ। ਇਸਦਾ ਪਰਮਾਣ ੨੩ ਪੋਹ ੧੭੩੨ ਦੀ ਲਿਖੀ ਇੱਕ ਬੀੜ ਹੈ ਜਿਹੜੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਿੱਖ ਰੈਫ਼ਰੰਸ ਲਾਇਬ੍ਰੇਰੀ ਵਿੱਚ ਪਈ ਵੇਖੀ ਗਈ।

ਦਮਦਮੇ ਦਸਵੇਂ ਪਾਤਸ਼ਾਹ ਰਾਹੀਂ, ਭਾਈ ਮਨੀ ਸਿੰਘ

ਹੱਥੀਂ ਬੀੜ ਲਿਖਵਾਈ ਜਾਣਾ ਵੀ ਕੁਝ ਸਮੇਂ ਤੋਂ ਪ੍ਰਚਲੱਤ ਹੈ। ਵਾਰਤਾ ਘੜੀ ਗਈ ਹੈ ਕਿ ਸਤਿਗੁਰੂ ਜੀ ਨੇ (੧੭੬੨ ਬਿ:) ੧੭੦੫ ਈ. ਵਿੱਚ ਧੀਰਮਲ ਤੋਂ ਬੀੜ ਮੰਗਵਾਈ ਤਾਂ ਉਸ ਮਿਹਣਾ ਮਾਰਿਆ ਕਿ ਉਹ ਜੇ ਗੁਰੂ ਹੈ ਤਾਂ ਆਪੇ ਬੀੜ, ਆਤਮਕ ਸ਼ਕਤੀ ਨਾਲ, ਕਿਉਂ ਨਹੀਂ ਉਚਾਰ ਲੈਂਦਾ! ਤਾਂ ਸਤਿਗੁਰੂ ਜੀ ਨੇ ਬੀੜ ਉਚਾਰੀ।

ਪਰ ਇਹ ਧਾਰਨਾ ਗ਼ਲਤ ਹੈ। ਜੇ ਇਹ ਸਹੀ ਹੁੰਦੀ ਤਾਂ ਗੁਰ ਬਿਲਾਸ ਦੇ ਕਰਤਾ ਭਾਈ ਸੁਖਾ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਦੇ ਰਚਨਹਾਰੇ ਭਾਈ ਸੰਤੋਖ ਸਿੰਘ ਇਸ ਦਾ ਜ਼ਿਕਰ ਜ਼ਰੂਰ ਕਰਦੇ। ਗਿਆਨੀ ਗਿਆਨ ਸਿੰਘ ਜੀ ਨੇ ੧੯੦੯ ਵਿੱਚ ਛਪਵਾਏ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਭੀ ਇਸ ਬਾਰੇ ਕੁਝ ਨਹੀਂ ਲਿਖਿਆ। ਹਾਂ, ਅਗਲੇ ਐਡੀਸ਼ਨਾਂ ਵਿੱਚ ਪਤਾ ਨਹੀਂ ਕਿਸ ਮਜ਼ਬੂਰੀ ਕਰਕੇ ਇਹ ਪ੍ਰਸੰਗ ਬਣਾ ਕੇ ਪੇਸ਼ ਕੀਤਾ।

ਮਾਸਟਰ ਗਿਆਨ ਸਿੰਘ ਨਿਹੰਗ ਨੇ ਇਸ ਬਾਰੇ ਖਾਲਸਾ ਗੁਰਮਤ ਪ੍ਰਕਾਸ਼ ਵਿੱਚ ਲਿਖਿਆ ਹੈ :

"ਸੰਨ ੧੯੯੬ ਨੂੰ ਸ੍ਰੀ ਅਕਾਲ ਤਖ਼ਤ ਬੁੰਗਾ ਅਤੇ ਗੁਰੂ ਕਾਂਸ਼ੀ ਦਮਦਮਾ (ਸਾਬੋ ਕੀ ਤਲਵੰਡੀ) ਦੇ ਪੁਜਾਰੀਆਂ ਨੇ ਰਲ ਮਿਲ ਕੇ ਇਹ ਸਾਖੀ ਘੜੀ।"

ਕੁਇਰ ਸਿੰਘ ਨੇ ਗੁਰ ਬਿਲਾਸ, ਭਾਈ ਮਨੀ ਸਿੰਘ ਤੋਂ ਪ੍ਰਸੰਗ ਤੇ ਸਾਖੀਆਂ ਸੁਣ ਕੇ ਲਿਖਿਆ। ਉਸ ਵਿੱਚ ਵੀ ਇਸ ਦਾ ਕੋਈ ਜ਼ਿਕਰ ਨਹੀਂ। ਭਲਾ ਕਿਵੇਂ ਸੰਭਵ ਹੈ ਕਿ ਜਿਸ ਭਾਈ ਮਨੀ ਸਿੰਘ ਬਾਰੇ ਕਿਹਾ ਗਿਆ ਕਿ ਉਸ ਨੇ ਸਤਿਗੁਰੂ ਦੀ ਉਚਾਰੀ ਬੀੜ ਲਿਖੀ, ਉਹ ਇਹ ਮਹਤਵਪੂਰਨ ਘਟਨਾ ਨਾ ਲਿਖਵਾਉਂਦੇ। ਇੱਕ ਗਲ ਹੋਰ, ਬਾਬਾ ਧੀਰ ਮੱਲ ਤਾਂ ਔਰੰਗਜ਼ੇਬ ਦੇ ਦਿੱਤੇ ਕਸ਼ਟ ਨ ਸਹਿੰਦਿਆਂ ੧੭੩੪ ਬਿ. ਵਿੱਚ ਗੜ੍ਹ ਰਣਥੰਬੌਰ ਵਿੱਚ

ਗੁਰਪੁਰੀ ਸਿਧਾਰ ਗਏ ਸਨ। ਗਿਆਨੀ ਗਰਜਾ ਸਿੰਘ ਨੇ ਗੁਰੂ ਕੀਆਂ ਸਾਖੀਆਂ ਵਿੱਚ ਲਿਖਿਆ ਹੈ, "ਬਾਬਾ ਜੀ ਕੋ ਦੁਸ਼ਟਾਂ ਘਣਾ ਕਸਟ ਦੀਆ। ਇਸੀ ਗੜ੍ਹ ਮੇਂ ਸਾਲ ਸਤਾਰਾਂ ਸੌ ਚਉਤੀਸ ਮੰਗਸਰ (ਮੱਘਰ) ਸੁਦੀ ਦੂਜ ਸ਼ੁਕਰਵਾਰ ਕੇ, ਦਿਵਸ. ਏਸ ਫਾਨੀ ਸੰਸਾਰ ਸੇ ਡੇਢ ਪਹਰ ਦਿਹੁੰ ਚਢੇ ਗੁਰਪੁਰੀ ਪਧਾਰ ਗਏ।" -ਸੰਪਾਦਕ ਪਿਆਰਾ ਸਿੰਘ ਪਦਮ

ਇਹ ਬੀੜ ਉਚਾਰਨ ਕਰਨ ਦੀ ਸਾਖੀ ਸਰਧਾ ਵੱਸ, ਸਹਿਜ ਸੁਭਾ, ਸਿੱਖੀ ਦੇ ਭਲੇ ਲਈ ਨਹੀਂ ਘੜੀ ਗਈ, ਸਗੋਂ ਅੰਗਰੇਜ਼ ਹਾਕਮਾਂ ਨੇ ਆਪਣੇ ਵਫ਼ਾਦਾਰ ਸਿੱਖਾਂ ਨੂੰ ਦੇਹਧਾਰੀ ਗੁਰੂ ਤੋਂ ਬੇਮੁਖ ਕਰਨ ਅਤੇ 'ਗ੍ਰੰਥ ਗੁਰੂ' ਦਾ ਅਨੁਯਾਈ ਬਣਾਉਣ ਲਈ ਘੜੀ ਗਈ ਸੀ।

ਸ਼ਮਸ਼ੇਰ ਸਿੰਘ ਅਸ਼ੋਕ ਨੇ ਪੰਜਾਬ ਦੀਆਂ ਲਹਿਰਾਂ ਵਿੱਚ ਭਾਈ ਗੁਰਮੁਖ ਸਿੰਘ ਦੀ ਸਿੰਘ ਸਭਾ ਦੇ ਨੀਯਮ ਲਿਖੇ ਹਨ:

੧. ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗਲ ਸਰਕਾਰ ਦੇ ਤਲੱਕ ਨਹੀਂ ਕੀਤੀ ਜਾਵੇਗੀ।

੨. ਖ਼ੈਰਖਾਹੀ ਕੌਮ, ਫਰਮਾ ਬਰਦਾਰੀ ਸਰਕਾਰੀ।

੩. ਅੰਗ੍ਰੇਜ਼ੀ ਹਕੂਮਤ ਨਾਲ ਜੁੜ ਕੇ ਚਲਣਾ ਆਦਿ।

ਖ਼ਾਲਸਾ ਦੀਵਾਨ (ਸਿੰਘ ਸਭਾ) ਲੁਧਿਆਣਾ ਨੇ ਆਪਣੇ ਹਮਜੋਲੀਆਂ ਨੂੰ ਇਹ ਗੰਢ ਬੰਨ੍ਹ ਲੈਣ ਲਈ ਕਿਹਾ.

-ਸੂਰ ਸਸੀ ਵਾਯੂ ਪ੍ਰਿਥਵੀ ਆਪ ਤੇਜ ਲੌ ਕਾਇਮ।
ਬ੍ਰਿਟਿਸ਼ ਰਾਜ ਕਾ ਸ਼ਾਹੀ ਝੰਡਾ ਕਰੇ ਤਰੱਕੀ ਦਾਇਮ।
-ਨਿਮਕ ਹਲਾਲ ਨਾਥ ਕਾ ਕਰੀਐ,
ਮਰਨ ਜੀਵਨ ਅਸਿਧੁਜ ਪੈ ਧਰੀਐ।
-ਸਿੱਖ ਇਤਿਹਾਸ ਤੇ ਕੂਕੇ-ਲੇਖਕ ਅਮਰ ਭਾਰਤੀ

੧੭੦੯ ਈ. ਵਿੱਚ ਨਦੇੜ ਵਿੱਚ ਕੁਝ ਵਾਪਰਨ ਬਾਰੇ

ਇੱਕ ਧਾਰਨਾ ਹੈ ਕਿ ਦਸਮ ਪਾਤਸ਼ਾਹ, ਆਪੇ ਚਿਣੇ ਅੰਗੀਠੇ ਵਿਚ ਜਾ ਬੈਠੇ, ਅੰਗੀਠੇ ਨੂੰ ਦਾਗ਼ ਦਿੱਤਾ, ਲਪਟਾਂ ਉਠੀਆਂ ਤੇ ਦਸਮੇਸ਼ ਇਸ ਅਸਾਰ ਸੰਸਾਰ ਤੋਂ ਸਦਾ ਲਈ ਉਹਲਾ ਕਰ ਗਏ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਗ੍ਰੰਥ ਸਾਹਿਬ' ਨੂੰ ੧੭੬੫ ਬਿ. (੧੭੦੮ ਈ.) ਨੂੰ ਗੱਦੀ ਦਿੱਤੀ ਅਤੇ ਦੋਹਰਾ ਉਚਾਰਿਆ:

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓਂ ਗ੍ਰੰਥ।

ਇਸ ਅਤੇ ਹੋਰ ਦੋਹਰਿਆਂ ਨੂੰ ਅੱਜ ਕਈ ਗੁਰਦੁਆਰਿਆਂ ਵਿੱਚ ਅਰਦਾਸ ਪਿਛੋਂ ਸਿੱਧੇ-ਸਾਦੇ ਪਰ ਅਨਜਾਣ ਸਿੱਖਾਂ ਵਲੋਂ ਗੁਰਬਾਣੀ ਸਮਝ ਕੇ ਪੜ੍ਹਿਆ ਜਾਂਦਾ ਹੈ। ਕਿਸੇ ਸਿੱਖ ਨੂੰ ਨਹੀਂ ਦਸਿਆ ਜਾਂਦਾ ਕਿ ਇਹ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਵਿੱਚ ਦਰਜ ਹੈ ਜਿਹੜਾ ਉਸਨੇ ਖ਼ਾਲਸਾ ਪੰਥ ਦੀ ਸਾਜਣਾ ਤੋਂ ਚਾਰ ਸਾਲ ਪਹਿਲਾਂ ਲਿਖਿਆ। ਇਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ, "ਰਹਿਤਨਾਮੇ ਦਾ ਅਰੰਭ ਇਸ ਦੋਹੇ ਤੋਂ ਹੁੰਦਾ ਹੈ :

"ਅਬਚਲ ਨਗਰ ਬੈਠੇ ਗੁਰੂ ਮਨ ਮਹਿ ਕੀਆ ਬਿਚਾਰ।
ਬੋਲਿਆ ਪੂਰਾ ਸਤਿਗੁਰੂ ਮੂਰਤ ਸ੍ਰੀ ਕਰਤਾਰ।"

ਅਰ ਰਹਿਤਨਾਮਾ ਬਣਨ ਦਾ ਸਾਲ ਦੱਸਿਆ ਹੈ :

ਸੰਮਤ ਸਤ੍ਰਹਿ ਸੈ ਭਏ ਬਰਖ ਬਵੰਜਾ ਨਿਹਾਰ।
ਮਾਘ ਵਦੀ ਤਿਥਿ ਪੰਚਮੀ ਵੀਰਵਾਰ ਸੁਭ ਵਾਰ।

ਇਸ ਨੇ ਇਹ ਖਿਆਲ ਨਹੀਂ ਕੀਤਾ ਕਿ ਸੰਮਤ ੧੭੫੨ ਵਿਚ ਗੁਰੂ ਸਾਹਿਬ ਅਬਚਲ ਨਗਰ ਨਹੀਂ ਪਧਾਰੇ ਅਰ ਨਾ ਉਸ ਵੇਲੇ ਖਾਲਸੇ ਦੀ ਰਚਨਾ ਸੀ। ਇਸੇ ਰਹਿਤਨਾਮੇ ਦੇ ਇਹ ਵਾਕ ਹਨ:

ਅਕਾਲ ਪੁਰਖ ਕੇ ਹੁਕਮ ਤੇ ਪ੍ਰਗਟ ਚਲਾਯੋ ਪੰਥ।

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਖਾਲਸਾ ਮਾਨੀਓ ਪ੍ਰਗਟ ਗੁਰੂ ਕੀ ਦੇਹ.......
ਮਹਾਨ ਕੋਸ਼ ਸਫਾ ੭੯੬,ਐਡੀਸ਼ਨ ੧੯੮੧

ਇਸ ਅਨੁਸਾਰ ਨਾ ਗ੍ਰੰਥ ਗੁਰੂ ਬਣਦਾ ਹੈ, ਨਾ ਖਾਲਸਾ ਪੰਥ।

ਸਤਿਗੁਰੂ ਜੀ ਕੋਲ ਨਦੇੜ ਕੋਈ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਨਹੀਂ ਸੀ ਸੋ ਗੱਦੀ ਕਿਵੇਂ ਦੇਂਦੇ ? ਜੇ ਬੀੜ ਹੁੰਦੀ ਵੀ ਤਾਂ ਵੀ ਉਸਨੂੰ ਗੱਦੀ ਦੇਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਕਿਉਂਕਿ ਇਸ ਦਾ ਨਿਰਨਾ ਨੌਵੇਂ ਪਾਤਸ਼ਾਹ ਨੂੰ ਗੱਦੀ ਦੇਣ ਸਮੇਂ ਹੋ ਚੁਕਾ ਸੀ ਕਿ ਜੇ ਗ੍ਰੰਥ ਨੂੰ ਗਦੀ ਦਿੱਤੀ ਗਈ ਤਾਂ ਸਾਰੇ, ਲਿਖ ਕੇ, ਘਰ ਘਰ ਗ੍ਰੰਥ ਸਾਹਿਬ ਰਖ ਲੈਣਗੇ।

ਕਿਉਂਕਿ ਗੱਦੀ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਦਿਤੀ ਹੀ ਨਹੀਂ ਸੀ ਗਈ ਏਸੇ ਕਰਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗੰਗਾ ਸਿੰਘ ਨੇ ਸ੍ਰ. ਆਸਾ ਸਿੰਘ ਦੇ ਪ੍ਰਸ਼ਨ:

ਦਸਮੇਸ਼ ਜੀ ਨੇ ਜੇ ਕਦੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਹੈ ਤਾਂ ਕਿਥੇ?

ਦੇ ਉੱਤਰ ਵਿੱਚ ਸਪਸ਼ਟ ਲਿਖਿਆ :

"ਦਸਮ ਜੀ ਨੇ ਕਦੀ ਗੁਰਿਆਈ
ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਦਿਤੀ।"
-ਰਸਾਲਾ ਅੰਮ੍ਰਿਤ ਮਾਰਚ ੧੯੩੭

ਇੱਕ ਗਲ ਹੋਰ ਜੇ ੧੭੦੮ ਈ. ਵਿਚ ਗੁਰਿਆਈ ਦਿੱਤੀ ਹੁੰਦੀ ਤਾਂ ਹਰ ਹੱਥ ਲਿਖਤ ਬੀੜ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ ਜਾਂਦਾ। ਕਰਮ ਸਿੰਘ ਪਟਵਾਰੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ੇਖਾਨੇ ਵਿੱਚ ੧੭੩੦ ਤੋਂ ੧੮੮੧ ਤੱਕ ਦੇ ਸਮੇਂ ਦੀਆਂ ਦਸ ਹੱਥ

ਲਿਖਤ ਬੀੜਾਂ ਦੇ ਦਰਸ਼ਨ ਕੀਤੇ ਹਨ। ਉਹ ਗੁਰ ਇਤਿਹਾਸ ਜਾਣਕਾਰੀ ਪੁਸਤਕ ਵਿੱਚ ਲਿਖਦੇ ਹਨ ਕਿ ਬੀੜਾਂ ਦੇ ਸਿਰਲੇਖ, ਸੂਚੀ ਪੋਥੀ ਕਾ ਤਤਕਰਾ, ਪੋਥੀ ਸਾਹਿਬ, ਸੂਚੀ ਪ੍ਰਤੀ, ਗ੍ਰਿੰਥ ਜੀ, ਗ੍ਰੰਥ ਜੀ, ਗ੍ਰੰਥ ਸਾਹਿਬ ਆਦਿ ਲਿਖੇ ਹਨ। ਭਾਈ ਮਨੀ ਸਿੰਘ ਸ਼ਹੀਦ ਨੇ ਸਿੱਖ ਭਗਤ ਮਾਲ ਵਿੱਚ ਕਿਤੇ ਵੀ ਗੁਰੂ ਗ੍ਰੰਥ ਸਾਹਿਬ ਨਹੀਂ ਲਿਖਿਆ ਸਗੋਂ ਗ੍ਰਿੰਥ ਜਾਂ ਗ੍ਰੰਥ ਲਿਖਿਆ ਹੈ। ਜਿਵੇਂ:

–ਤੇ ਗਿਰੰਥ ਜੀ ਵਿੱਚ ਸਲੋਕ ਹੈ...

–ਕਥਾ ਗਿਰੰਥ ਜੀ ਦੀ ਪ੍ਰੀਤ ਕਰਕੇ ਸੁਣਨੀ।

–ਤੇ ਗਿਰੰਥ ਦੀ ਬਾਣੀ ਪੜ੍ਹੇ। –ਆਦਿ

ਮੈਕਾਲਫ਼ ਕਰਤਾ ਸਿੱਖ ਧਰਮ (ਰਿਲੀਜ਼ਨ) ਵੀ ਨਿਰਾ ਗ੍ਰੰਥ ਸਾਹਿਬ ਲਿਖਦਾ ਹੈ। ਭਾਈ ਵੀਰ ਸਿੰਘ ਆਪ ਵੀ ਮੈਕਾਲਫ਼ ਦਾ ਹਵਾਲਾ ਦੇਂਦੇ ਗ੍ਰੰਥ ਸਾਹਿਬ ਲਿਖਦੇ ਹਨ। ਕਈ ਥਾਈਂ, ਪਵਿਤ੍ਰ ਪੁਸਤਕ ਜਾਂ ਸਵਾਰਾ ਸਾਹਿਬ ਵੀ ਲਿਖਿਆ ਹੈ। ਹਥ ਲਿਖਤਾਂ ਹੀ ਨਹੀਂ ਪ੍ਰੈਸ ਤੇ ਛਪੇ ਗ੍ਰੰਥਾਂ ਉੱਤੇ ਵੀ ਪਹਿਲਾਂ ਆਦਿ ਗ੍ਰੰਥ ਸਾਹਿਬ ਜੀ, ਲਿਖਿਆ ਜਾਂਦਾ ਰਿਹਾ ਹੈ। ਕਿਉਂਕਿ ਸਿੱਖਾਂ ਵਿੱਚ ਦੋ ਧਰਮ ਗ੍ਰੰਥ ਪ੍ਰਵਾਣਿਤ ਹਨ, ਇਕ ਨੂੰ ਆਦਿ ਗ੍ਰੰਥ ਤੇ ਦੂਜੇ ਨੂੰ ਦਸਮ ਗ੍ਰੰਥ (ਦਸਵੇਂ ਪਾਤਸ਼ਾਹ ਦਾ) ਲਿਖਿਆ ਜਾਂਦਾ ਹੈ। ਇਹਨਾਂ ਦੋਹਾਂ ਦਾ ਗੁਰ ਗੱਦੀ ਨਾਲ ਕੋਈ ਸੰਬੰਧ ਨਹੀਂ। ਪੰਜਾਬੀ ਯੂਨੀਵਰਸਿਟੀ ਦੀ ਪੁਸਤਕ ਗੁਰੂ ਗੋਬਿੰਦ ਸਿੰਘ ਵਿੱਚ ਡਾ. ਜੇ.ਐਸ. ਗਰੇਵਾਲ ਤੇ ਡਾਕਟਰ ਐਸ. ਐਸ. ਬੱਲ ਨੇ ਲਿਖਿਆ ਹੈ:

ਖ਼ਾਲਸਾ ਪੰਥ ਜਾਂ ਆਦਿ ਗ੍ਰੰਥ ਨੂੰ ਗੁਰ ਗੱਦੀ ਸੌਂਪਣੀ – ਇਹ ਸਭ ਮਹੱਤਵ ਪੂਰਨ ਤੇ ਪਰਸਪਰ ਸੰਬੰਧਤ ਗਲਾਂ ਸਮਕਾਲੀ ਉਗਾਹੀਆਂ ਵਿਚੋਂ ਕਿਤੇ ਵੀ ਨਹੀਂ ਮਿਲਦੀਆਂ।

ਗ੍ਰੰਥ ਸਾਹਿਬ ਨੂੰ ਭਲਾ ੧੭੦੮ ਵਿੱਚ ਸਤਿਗੁਰੂ ਜੀ ਗਦੀ ਦੇਂਦੇ ਵੀ ਕਿਉਂ? ਜਦੋਂਕਿ ਉਹ ਖੁਦ ੧੯੧੨

ਈ. ਤਕ ਪੰਜ ਭੂਤਕ ਸਰੀਰ ਵਿਚ ਰਹੇ। ਹਾਂ ੧੭੦੮ ਵਿਚ ਉਹਨਾਂ ਨਰ ਨਾਟਕ ਜ਼ਰੂਰ ਕੀਤਾ, ਨੀਤੀ ਵੱਸ।

ਜਿਹੜੇ ਪੰਜਾਬੀ ਪਠਾਣ ਭਰਾ- ਜਮਸ਼ੇਦ ਖਾਂ ਅਤੇ ਅਤਾਉਲਾ ਖਾਂ ਸਤਿਗੁਰੂ ਜੀ ਤੇ ਘਾਤਕ ਵਾਰ ਕਰਨ ਲਈ, ਨਦੇੜ ਮਿੱਠੇ ਬਣ ਕੇ ਰਹਿੰਦੇ ਰਹੇ ਉਹ ਬਾਦਸ਼ਾਹ ਬਹਾਦਰ ਸ਼ਾਹ ਦੇ ਭੇਜੇ ਹੋਏ ਸਨ। ਉਹਨਾਂ ਵਿਚੋਂ ਜਮਸ਼ੇਦ ਖਾਂ ਨੇ ਮੌਕਾ ਤਾੜ ਕੇ ਸਤਿਗੁਰੂ ਜੀ ਨੂੰ ਬਰਾਜਿਆਂ ਸਮਝ ਕੇ ਵੱਖੀ ਉਤੇ ਛੁਰੇ ਦਾ ਵਾਰ ਵੀ ਕੀਤਾ ਪਰ ਉਹ ਸਤਿਗੁਰੂ ਜੀ ਦੇ, ਤਲਵਾਰ ਦੇ ਵਾਰ ਨਾਲ ਢਹਿ ਢੇਰੀ ਹੋ ਗਿਆ। ਦੂਜਾ ਬਾਹਰ ਭੱਜਦਾ ਸਿੱਖਾਂ ਮਾਰ ਮੁਕਾਇਆ। ਬਹਾਦਰ ਸ਼ਾਹ ਨੇ ਅਫ਼ਸੋਸ ਵਜੋਂ ੨੮ ਅਕਤੂਬਰ ੧੭੦੮ ਨੂੰ, ਮਾਤਮੀ ਖਿਲੱਅਤ ਜਮਸ਼ੇਦ ਖਾਂ ਦੇ ਪੁੱਤਰ ਨੂੰ ਭੇਜੀ। ਇਸ ਵਿਚ ਲਿਖਿਆ:

ਬਜਾਂ ਕੁਸ਼ਤਾ ਬੂਦ ਖਿਲਅਤ ਮਾਤਮੀ
ਬਿ ਪਿਸ਼ਰ ਖਾਨ ਮਜ਼ਕੂਰ ਮੁਰਮਤ ਸ਼ੁਦ।

ਪਠਾਣਾਂ ਦੀ ਨਹੀਂ ਬਾਦਸ਼ਾਹ ਦੀ ਬਦਨੀਅਤੀ ਕਾਰਨ ਸਤਿਗੁਰੂ ਜੀ ਨੇ ਨਦੇੜ ਤੋਂ ਓਹਲਾ ਕਰਕੇ ਜਾਣ ਦਾ ਨਾਟਕ ਕੀਤਾ। ਸਿੱਖ ਇਤਿਹਾਸਕਾਰ ਕਵੀ ਸੁਖਾ ਸਿੰਘ, ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਤੇ ਮਹੰਤ ਸੁਮੇਰ ਸਿੰਘ ਆਪਣੇ ਗ੍ਰੰਥਾਂ ਵਿੱਚ ਇੱਕ ਪਾਸੇ ਦਮਦਮੀ ਬੀੜ ਉਚਾਰਨ ਬਾਰੇ, ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਅਤੇ ਆਗਿਆ ਭਈ ਅਕਾਲ ਕੀ ਦੋਹਰਾ ਉਚਾਰਨ ਬਾਰੇ ਚੁਪ ਹਨ। ਦੂਜੇ ਪਾਸੇ ਲਿਖਦੇ ਹਨ, ਹੁਕਮ ਅਨੁਸਾਰ ਸਿੱਖਾਂ ਨੇ ਕਨਾਤ ਅੰਦਰ ਚਿਤਾ ਚਿਣੀ। ਸਤਿਗੁਰੂ ਜੀ ਨੇ ਅਧੀ ਰਾਤ ਇਸ਼ਨਾਨ ਕਰ ਸ਼ਸਤਰ ਬਸਤਰ ਸਜਾਏ, ਆਪ ਨੇ ਚਿਖਾ ਤੇ ਖੜ੍ਹੇ ਹੋ ਕੇ ਸਿੰਘਾਂ ਨੂੰ ਫ਼ਤਿਹ ਗਜਾਈ। ਸਿਖਾਂ ਨੂੰ ਚਿਤਾ ਤੋਂ ਬਾਹਰ ਖੜੇ ਹੋਣ ਦਾ ਹੁਕਮ ਕੀਤਾ।

ਅਗਨੀ ਪ੍ਰਗਟ ਕੀਤੀ, ਲਾਟਾਂ ਨਿਕਲੀਆਂ ਸਿਖ ਵਿਰਲਾਪ ਕਰਨ ਲਗੇ।

ਕਵੀ ਸੈਨਾਪਤਿ ਇਸ ਘਟਨਾ ਨੂੰ ਚਰਿਤ੍ਰ ਲਿਖਦਾ ਹੈ। ਉਹ ਸਤਿਗੁਰੂ ਜੀ ਦਾ ਸਮਕਾਲੀ ਹੀ ਨਹੀਂ ਦਰਬਾਰੀ ਕਵੀ ਸੀ। ਸ਼ਮਸ਼ੇਰ ਸਿੰਘ ਅਸ਼ੋਕ ਨੇ ਸੈਨਾਪਤੀ ਦੀ ਕਾਵਿ ਰਚਨਾ ਸ੍ਰੀ ਗੁਰੂ ਸੋਭਾ ਸੰਪਾਦਿਤ ਕੀਤੀ ਹੈ। ਇਸ ਵਿੱਚ ਨਦੇੜ ਨਰ ਨਾਟਕ ਬਾਰੇ ਲਿਖਿਆ ਹੈ:

ਦੋਖਨ ਕਉ ਧੋ ਹੀ ਭਈ, ਜਾਨਤ ਸਗਲ ਜਹਾਨ।
ਕਿਯਾ ਚਰਿਤ੍ਰ ਕਰਤਾਰ ਕੋ, ਨਹਿ ਕਹਿ ਸਕਤ ਬਖਾਨ।

ਅਗਲੇ ਦਿਨ ੮ ਅਕਤੂਬਰ ੧੭੦੮ ਨੂੰ, ਸਿੱਖਾਂ ਨੂੰ ਦਿਨ ਚੜ੍ਹੇ ਸਾਧੂ ਮਿਲੇ ਤੇ ਦਸਿਆ ਸਤਿਗੁਰੂ ਜੀ ਉਹਨਾਂ ਨੂੰ ਘੋੜੇ ਤੇ ਸਵਾਰ ਮਿਲੇ। ਸਿੱਖਾਂ ਸਤਿਗੁਰੂ ਨੂੰ ਅਗਨਿ ਭੇਟ ਹੋਇਆ ਜਾਣ ਅੰਗੀਠਾ ਫੋਲਿਆ ਪਰ ਉਥੋਂ ਕੋਈ ਅਸਥੀ ਨਾ ਨਿਕਲੀ। ਉਹਨਾਂ ਅਸਤਬਲ ਵਿੱਚ ਵੇਖਿਆ ਕੁਮੈਤ ਘੋੜਾ ਵੀ ਨਹੀਂ ਸੀ।

ਸਾਧਾਂ ਦੇ ਮਿਲਾਪ ਦਾ ਇਤਿਹਾਸਕਾਰਾਂ ਦਾ ਫ਼ਰਕ ਹੈ। ਪਰ ਸਿੱਖਾਂ ਨੂੰ ਇਹ ਧਿਆਨ ਹੀ ਨਾ ਆਇਆ ਕਿ ਕਿਸੇ ਸਾਹਮਣੇ ਸਤਿਗੁਰੂ ਨੇ ਸਰੀਰ ਨਹੀਂ ਛੱਡਿਆ। ਉਹਨਾਂ ਸਤਿਗੁਰੂ ਜੀ ਦੀ ਮ੍ਰਿਤਕ ਦੇਹ ਨੂੰ ਚਿਖਾ ਉੱਤੇ ਨਹੀਂ ਰਖਿਆ ਤੇ ਕਿਸੇ ਲਾਂਬੂ ਵੀ ਨਹੀਂ ਲਾਇਆ। ਫਿਰ ਸਤਿਗੁਰੂ ਜੀ ਨੇ ਆਤਮਘਾਤ ਥੋੜਾ ਕਰਨਾ ਸੀ! ਉਹਨਾਂ ਤਾਂ ਨਰ ਨਾਟਕ ਕੀਤਾ ਸੀ। ਹਜ਼ੂਰ ਸਾਹਿਬ ਓਸੇ ਦਿਨ ਤੋਂ ਸਤਿਗੁਰੂ ਜੀ ਦੀ ਉਡੀਕ ਵਿੱਚ ਘੋੜੇ ਰਖੇ ਜਾਂਦੇ ਹਨ। ਕਿਸੇ ਹੋਰ ਸਤਿਗੁਰੂ ਦੀ ਉਡੀਕ ਵਿਚ ਘੋੜੇ ਨਹੀਂ ਰਖੇ ਜਾਂਦੇ। ਕਾਰਨ ਸਿੱਖਾਂ ਨੂੰ ਭਰੋਸਾ ਸੀ ਕਿ ਦਸਮ ਪਾਤਸ਼ਾਹ ਨੇ ਪੰਜ ਭੂਤਕ ਸਰੀਰ ਨਹੀਂ ਤਿਆਗਿਆ।

ਉਸ ਤੋਂ ਬਾਅਦ ,ਸਤਿਗੁਰੂ ਜੀ ਨੇ ਪੂਨੇ ਸਿਤਾਰੇ

ਦੇ ਕਿਲੇ ਵਿੱਚੋਂ ਘੋੜੇ ਦੀਆਂ ਰਕਾਬਾਂ ਫੜਾ ਕੇ ਬਾਲਾ ਰਾਓ ਤੇ ਰੁਸਤਮ ਰਾਓ ਨੂੰ ਕਢਿਆ ਜਿਸ ਦੀ ਯਾਦ ਵਿੱਚ ਮਨਮਾੜ ਵਿੱਚ ਗੁਰਦੁਆਰਾ ਹੈ। ਆਪ ੪੭ ਸਾਲ ਭਾਦਰੇ, ੬ ਸਾਲ ਜੀਂਦ. ੧੨ ਸਾਲ ਪਟਿਆਲੇ ਤੇ ੩੯ ਸਾਲ ਨਾਭੇ ਰਹੇ। ਆਪ ਬਾਬਾ ਅਜਾਪਾਲ ਸਿੰਘ ਦੇ ਨਾਂ ਨਾਲ ਵਿਚਰਦੇ ਰਹੇ ਅਤੇ ਰਜਾ ਅਨੁਸਾਰ ਜੰਗਾਂ ਜੁਧਾਂ ਵਿੱਚ ਸਹਾਇਤਾ ਕਰਦੇ ਰਹੇ।

ਭਾਈ ਕਾਨ੍ਹ ਸਿੰਘ ਨਾਭਾ ਨੇ, ਨਾਭੇ ਦੀ ਝਿੜੀ ਵਿੱਚ ਆਖਰੀ ਸਾਲਾਂ ਵਿੱਚ ਬਾਬਾ ਅਜਾਪਾਲ ਸਿੰਘ ਦੀ ਸੇਵਾ ਕਰਦੇ ਰਹੇ ਆਪਣੇ ਪੜਦਾਦੇ ਬਾਬਾ ਸਰੂਪ ਸਿੰਘ ਦੇ ਹਵਾਲੇ ਨਾਲ ਲਿਖਿਆ, "ਬਾਬਾ ਅਜਾਪਾਲ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ ਕਿਉਂਕਿ ਪ੍ਰਤਖ ਰੂਪ ਵਿੱਚ ਸਾਹਿਬ ਸ੍ਰੀ ਕਲਗੀਧਰ ਜੀ ਹਜ਼ੂਰ ਸਾਹਿਬ ਵਿਖੇ ਜੋਤੀ ਜੋਤ ਨਹੀਂ. ਸਮਾਏ।

–ਮਾਸਕ ਪੱਤਰ ਫੁਲਵਾੜੀ ੧੯੨੭

ਬਾਬਾ ਅਜਾਪਾਲ ਸਿੰਘ ਬਾਰੇ, ਭਾਈ ਕਾਨ੍ਹ ਸਿੰਘ ਦੇ ਚਾਚਾ ਭਾਈ ਬਿਸ਼ਨ ਸਿੰਘ ਦੀਆਂ ਲਿਖੀਆਂ ਸਾਖੀਆਂ, ਭਾਈ ਕਾਨ੍ਹ ਸਿੰਘ ਦੇ ਲੜਕੇ ਭਗਵੰਤ ਸਿੰਘ ਹਰੀ ਜੀ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੪੦ ਵਿੱਚ ਮੰਗਵਾਈਆਂ ਅਤੇ ੧੪ ਤੋਂ ੨੩ ਸਾਖੀਆਂ ਦੇ ਬਲਾਕ ਬਣਵਾਏ। ਉਂਜ ਭਾਈ ਕਾਨ੍ਹ ਸਿੰਘ ਨਾਭਾ .ਦੇ ਮਹਾਨ ਕੋਸ਼ ਵਿਚੋਂ, ਬਾਬਾ ਅਜਾਪਾਲ ਸਿੰਘ ਤੇ ਭਾਦਰੇ ਬਾਰੇ ਪੜ੍ਹਿਆਂ ਵੀ ਸਤਿਗੁਰੂ ਜੀ ਬਾਰੇ ਜਾਣਕਾਰੀ ਸਪਸ਼ਟ ਹੋ ਜਾਂਦੀ ਹੈ।

ਸੂਝਵਾਨ ਤੇ ਸਰਧਾਵਾਨ ਸਿੱਖਾਂ ਨੂੰ ਕੋਈ ਭੁਲੇਖਾ ਨਹੀਂ ਸੀ ਰਹਿ ਗਿਆ ਕਿ ਗੁਰੂ ਗੋਬਿੰਦ ਸਿੰਘ ਹੀ ਬਾਬਾ ਅਜਾਪਾਲ ਦੇ ਨਾਮ ਹੇਠ ਸਿੱਖਾਂ ਨੂੰ ਦਰਸ਼ਨ ਦੇਂਦੇ ਰਹੇ।

ਆਪ ਨੇ ਰਜਾ ਅਨੁਸਾਰ ਕਾਇਆ ਪਲਟਣ ਤੋਂ ਪਹਿਲਾਂ ਗੁਰਗੱਦੀ ਦੀ ਅਮਾਨਤ, ਹਰੋ ਨਦੀ ਕੰਢੇ ਤਪ ਕਰ ਰਹੇ, ਸਤਿਗੁਰੂ ਬਾਲਕ ਸਿੰਘ ਨੂੰ ਸੌਂਪੀ। ਆਪ ਨੇ ਬਚਨ ਕੀਤਾ ਮੇਰਾ ਹੀ ਅਵਤਾਰ ਗੁਰੂ ਰਾਮ ਸਿੰਘ ਹੋਏਗਾ ਇਹ ਗੱਦੀ ਉਸਨੂੰ ਦੇਣੀ, ਉਸਦੀ ਅਮਾਨਤ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਬਾਲਕ ਮ੍ਰਿਗੇਸ ਤੈ ਵਿਸੇਸ ਉਪਦੇਸ ਨਾਮ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੈ ਉਧਾਰ ਕਰਿ ਜੀਵਨ ਕਾ ਤੂੰ ਖਰੇ।
ਐਪ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ,
ਮੇਰੋ ਅਵਤਾਰ-ਅੰਸ ਰਾਮ ਸਿੰਘ ਹ੍ਹੈ ਭਰੇ।
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ,
ਨਿਜ ਸ਼ਕਤਿ ਰਖਾਈ, ਗੁਰੂ ਵਾਕ ਦਿਢ ਥੇ ਧਰੇ।

ਸਤਿਗੁਰੂ ਬਾਲਕ ਸਿੰਘ ਨੂੰ ਗੱਦੀ ਦੇ ਕੇ, ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਆਈ ਗੁਰੂ ਜਾਂ ਸਤਿਗੁਰੂ ਦੀ ਮਹਾਨਤਾ ਦਾ ਹੀ ਪੱਖ ਉਜਾਗਰ ਕੀਤਾ ਸੀ।

ਗੁਰਬਾਣੀ ਵਿੱਚ ਆਇਆ ਹੈ :

-ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ।
-ਸੁਖਮਨੀ

-ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮੁ ਸੁਹਾਵੀ।
-ਮਹਲਾ ੫

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ। -ਮਹਲਾ ੫

ਅਤੇ ਪੀੜੀ ਮਨੁਖਾਂ ਦੀ ਹੀ ਚਲਦੀ ਹੈ
ਗੁਰੂ ਸ਼ਾਸਤਰਾਂ ਅਨੁਸਾਰ ਅਗਿਆਨਤਾ ਦੇ ਹਨੇਰੇ

ਨੂੰ ਦੂਰ ਕਰਦਾ ਹੈ, ਉਹ ਤਤ੍ਹ ਗਿਆਨ ਦੇਂਦਾ ਹੈ। ਉਹ ਧਰਮ ਉਪਦੇਸ਼ਟਾ ਅਤੇ ਧਰਮ ਆਚਾਰਯਾ ਹੁੰਦਾ ਹੈ।

–ਗੁਰ ਦਾਤਾ ਸਮਰਥ ਗੁਰ,
ਗੁਰ ਸਭ ਮਹਿ ਰਹਿਆ ਸਮਾਇ। —ਮਹਲਾ ੫

ਚੌਥੇ ਪਾਤਸ਼ਾਹ ਮਲਾਰ ਰਾਗ ਦੇ ਇੱਕ ਸ਼ਬਦ ਵਿੱਚ, ਸਤਿਗੁਰੂ ਨੂੰ ਹਰੀ ਦਾ ਨਾਮ ਦ੍ਰਿੜਾਉਣ ਵਾਲਾ ਲਿਖਦੇ ਹਨ। ਸਿੱਖ ਨੂੰ ਨਿਰਜੀਵ ਪੂਜਣ ਤੋਂ ਵਰਜਦੇ ਹਨ। ਉਹ ਸਤਿਗੁਰੂ ਨੂੰ ਬਸਤਰ ਤੇ ਭੋਜਨ ਆਦਿ ਭੇਟ ਕਰਨ ਦੀ ਸਿਖਿਆ ਦੇਂਦੇ ਹਨ। ਆਪ ਜੀ ਦੀ ਬਾਣੀ ਵਿੱਚ ਲਿਖਿਆ ਹੈ:

ਭਰਮਿ ਭੂਲੇ ਅਗਿਆਨੀ ਅੰਧੁਲੇ
ਭ੍ਰਮਿ ਭ੍ਰਮਿ ਫੂਲ ਤੋਰਾਵੈ।
ਨਿਰਜੀਉ ਪੂਜਹਿ ਮੜਾ ਸਰੇਵਹਿ
ਸਭ ਬਿਰਥੀ ਘਾਲ ਗਵਾਵੈ।
ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ
ਹਰਿ ਹਰਿ ਕਥਾ ਸੁਣਾਵੈ।
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ
ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ
ਕੀ ਫਿਰਿ ਤੋਟਿ ਨ ਆਵੈ।
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ। –ਮਲਾਰ ਮਹਲਾ ੪

ਨਿਰਸੰਦੇਹ ਐਸਾ ਸਤਿਗੁਰ ਦੇਹਧਾਰੀ ਹੀ ਹੋ ਸਕਦਾ ਹੈ, ਏਸੇ ਕਰਕੇ ਲਿਖਿਆ ਹੈ:

ਹਰਿ ਨਾਮੁ ਦੀਆ ਗੁਰ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ। –ਮਹਲਾ ੫

ਦਸਵੇਂ ਪਾਤਸ਼ਾਹ ਨੇ ਪਿਤਾ ਮਾਤਾ ਵਾਲੇ ਸਤਿਗੁਰੂ ਬਾਲਕ ਸਿੰਘ ਨੂੰ ਗੁਰਗਦੀ ਦਿੱਤੀ। ਓਸੇ ਗੁਰਗਦੀ ਨੂੰ

੧੮੪੧ ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸੁਭਾਇਮਾਨ ਕੀਤਾ। ਉਸ ਸਮੇਂ ਤੱਕ ਸਿੱਖੀ ਨਿਘਰ ਚੁੱਕੀ ਸੀ। ਕਿੰਨੀ ਕੁ ਨਿੱਘਰ ਗਈ ਸੀ? ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿੱਚ:

ਔਰੈਂ ਰੀਤ ਔਰੈਂ ਮੀਤ ਔਰੈ ਪਰਤੀਤ ਪ੍ਰੀਤਿ
ਖਾਨ, ਪਹਿਰਾਨ ਗਜਾਨ ਮਾਨ ਔਰੇ ਜਨ ਕੈ।
ਡਾਰੇ ਦਸਤਾਰੇ ਸਾਫ਼ੇ ਭਾਰੇ ਹੈ ਸੰਭਾਰੇ ਅੱਛੈ,
ਕੱਛੈ ਤਜ ਗਏ ਧੋਤੀ ਸੁਥੂ ਸੰਗ ਤਨ ਕੈ।
ਧਾਰੇ ਹੈ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ
ਜਿਨੇ ਦੇਖ ਸਿਖੀ ਗਊ ਕੰਬੈ ਤੁਰਕ ਗਨ ਕੈ।
ਸਿਖੀ ਦਸ਼ਮੇਸ਼ ਕੀ ਸੁ ਕੀ ਅਪਰ ਦੇਸ ਦੀ
ਅਸਿਖੀ ਭਰੀ ਪੇਸ਼ਗੀ ਛਿਨਾਰ ਬਨ ਠਨ ਕੈ।

ਦੁਖੀ ਹੋ ਕੇ ਗਿਆਨੀ ਜੀ ਇਹ ਵੀ ਲਿਖਦੇ ਹਨ:

ਹਾਏ ਵੇ ਕਸਾਈ ਰਹੇ ਸਿੱਖੀ ਗਊ ਘਾਏ ਹੈਂ।

ਸਿੱਖ ਬੁਰੀ ਤਰ੍ਹਾਂ ਪਤਿਤ ਹੋ ਚੁੱਕੇ ਸਨ। ਉਹ ਨਸ਼ਈ ਤੇ ਵਿਸ਼ਈ ਹੋ ਚੁੱਕੇ ਸਨ। ਧਰਮ ਕਰਮ ਛੱਡ ਚੁਕੇ ਸਨ। ਉਹਨਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਕੇਵਲ ਢਾਈ ਸੁੱਚੇ ਸੱਚੇ ਸਿੱਖ ਲਭੇ।

ਬਾਬਾ ਜਮੀਅਤ ਸਿੰਘ ਗਿੱਲ ਅਧੇ ਸਿੱਖ ਸਨ ਅਤੇ ਬਾਬਾ ਜਮੀਅਤ ਸਿੰਘ (ਕਾਨ੍ਹਾ ਕਾਛਾ) ਤੇ ਸ. ਲਹਿਣਾ ਸਿੰਘ(ਘਰ ਜਾਖ) ਪੂਰੇ।

ਤੇਗਾਂ ਮਾਰ ਕੇ, ਜਾਨਾਂ ਘੋਲ ਘੁਮਾ ਕੇ ਸਿੱਖਾਂ ਨੇ ਰਾਜ ਪ੍ਰਾਪਤ ਕੀਤਾ ਸੀ। ਉਹ ਵੀ ਮਹਾਰਾਜਾ ਰਣਜੀਤ ਸਿੰਘ ਪਿਛੋਂ ਘਟੇ ਕੌਡੀਆਂ ਰਲਣ ਲੱਗਾ। ਉਸ ਰਾਜ ਵਿਚ ਗਊ ਹਤਿਆ ਨਹੀਂ ਸੀ ਹੁੰਦੀ, ਉਂਜ ਮੌਤ ਦੀ ਸਜਾ ਨਹੀਂ ਸੀ ਪਰ ਗਊ ਘਾਤੀ ਲਈ ਮੌਤ ਦੀ ਸਜਾ ਸੀ। ਪਰਜਾ ਸੁਖੀ ਸੀ ਪਰ ਉਹ ਰਾਜ ਆਪਸੀ ਲੜਾਈ ਨੇ ਤਬਾਹੀ ਵੱਲ

ਠੇਲ੍ਹ ਦਿੱਤਾ। ਹਾਲਾਤ ਇਹ ਹੋ ਗਏ :

ਪਿਛੋਂ ਇਕ ਸਰਕਾਰ ਦੇ ਖੇਡ ਚਲੀ,
ਪਈ ਨਿਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫ਼ੌਜ਼ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤਮੰਡਲੀ ਹੋਈ ਤਿਆਰ ਮੀਆਂ।

ਇਸ ਭੂਤ ਮੰਡਲੀ ਨੇ ਜਦ ੨੩ ਨਵੰਬਰ ੧੮੪੫ ਨੂੰ ਫ਼ਰੰਗੀ ਨਾਲ ਐਲਾਨੇ ਜੰਗ ਕੀਤਾ ਤਾਂ ਸਤਿਗੁਰੂ ਜੀ ਨੇ, ਸਿੱਖ ਸਰਦਾਰਾਂ ਦੀ ਬਦਨੀਅਤੀ ਵੇਖ ਕੇ ਜੰਗ ਜਿਤਣ ਲਈ ਅਰਦਾਸ ਨਾ ਕੀਤੀ। ਬੰਦੂਕ ਦਰਿਆ ਵਿੱਚ ਸੁੱਟ ਕੇ, ਸਗੋਂ ਨੌਕਰੀ ਛੱਡ ਕੇ ਆਪ ਸ੍ਰੀ ਭੈਣੀ ਸਾਹਿਬ ਪਰਤ ਆਏ। ਆਪ ਜੀ ਨੇ ਦਸਾਂ ਨਵ੍ਹਾਂ ਦੀ ਕਿਰਤ ਕੀਤੀ, ਅਕਾਲ ਬੁੰਗੇ ਬੈਠ ਕੇ ਤਪ ਕੀਤਾ, ਦੇਸ਼ ਦੀ ਦੁਰਦਸ਼ਾ ਦੇ ਕਾਰਨਾਂ ਬਾਰੇ ਚਿੰਤਨ ਕੀਤਾ, ਸੁੱਤੀ ਅਣਖ ਨੂੰ ਜਗਾਉਣ ਲਈ ਦੇਸ਼ ਭਗਤੀ ਤੇ ਪ੍ਰਭੂ ਭਗਤੀ ਦੇ ਹਥਿਆਰ ਸੰਭਾਲੇ ਅਤੇ ਨਾਮ-ਬਾਣੀ ਦਾ ਪ੍ਰਚਾਰ ਪ੍ਰਸਾਰ ਕੀਤਾ। ਇਸ ਬਾਰੇ ਭਾਈ ਕਾਨ੍ਹ ਸਿੰਘ ਲਿਖਦੇ ਹਨ :

ਵਿਸਯ ਅਗਨਿ ਕਰ ਤਪਤ ਰਿਦੇ ਜਿਨਿ ਨਾਮਾਮ੍ਰਿਤ ਦੇ ਠਾਰੇ।
ਗੁਰਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾ ਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ ਖਾਣ ਨੂੰ ਖੰਡਨ ਕੀਤਾ ਦਸ ਧਰਮ ਦਾ ਕਿੱਤਾ।
ਫੁਟ ਈਰਖਾ ਵੈਰ ਭਾਵ ਅਰ ਨਫ਼ਰਤ ਮਨੋ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿੱਤ ਵਸਾਈ।
— — — — — — — —
— — — — — — — —

ਬਾਲ ਅਵਸਥਾ ਵਿਚ ਵ੍ਰਿਜੇਸ਼ ਨੇ ਅਦਭੁੱਤਿ ਮੂਰੱਤਿ ਚੀਨੀ

ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸ ਦੀ ਮਿਠੀ ਬਾਣੀ ਅਗੇ ਫਿਕੀ ਲਗੇ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਓ ਰਵਿ ਪਿਖ ਗੁਲਚੀਨੀ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸਤਿਗੁਰੂ ਜੀ ਦੇ ਸੰਤ ਖਾਲਸੇ—ਨਾਮਧਾਰੀ ਸਿੱਖਾਂ ਦੀ ਮਰਯਾਦਾ ਸਿੱਖੀ ਦੀ ਲੋੜ ਅਨੁਸਾਰ ਸੀ। ਸਤਿਗੁਰੂ ਜੀ ਗੁਰ ਮੰਤਰ ਦੇਂਦੇ ਸਨ ਕਲਾਮ ਨਹੀਂ :

ਕੋਊ ਜੋ ਕਹਿਤ ਥੇ ਕਲਾਮਦੀਨੀ ਸੱਯਦਾਨੀ
ਸੋਊ ਸਭਿ ਕੂਰ ਹਮ ਪੇਖਯੋ ਅਜਮਾਇ ਕੈ।

ਸਤਿਗੁਰੂ ਜੀ ਦੇ ਦਿੱਤੇ ਕੰਨ ਵਿੱਚ ਗੁਰ ਮੰਤਰ ਨੂੰ ਜਪਣ ਅਤੇ ਉਪਦੇਸ ਮੰਨਣ ਨਾਲ ਸਿਖੀ ਦਾ ਕਿਵੇਂ ਕਾਇਆ ਕਲਪ ਹੋ ਗਿਆ :

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆਗਿਓ।

ਪੰਥ ਪ੍ਰਕਾਸ਼-ਗਿਆਨੀ ਗਿਆਨ ਸਿੰਘ

ਸਤਿਗੁਰੂ ਜੀ ਨੇ ਅਧਿਆਤਮਕ, ਸਦਾਚਾਰਕ, ਰਾਜਨੀਤਕ ਆਦਿ ਹਰ ਪਖੋਂ ਕ੍ਰਾਂਤੀ ਲੈ ਆਂਦੀ। ਹੋਰ ਵਿਸ਼ੇਸ਼ ਵਿਅਕਤੀਆਂ ਨੇ ਤਾਂ ਆਪ ਜੀ ਦੀ ਸੋਭਾ ਕੀਤੀ ਹੀ। ਅੰਗਰੇਜ਼ ਹਾਕਮ ਜਿਹੜੇ ਆਪ ਹੱਥੋਂ ਰਾਜ ਖੁਸਣ

ਦਾ ਡਰ ਮਹਿਸੂਸ ਕਰਦੇ ਸਨ, ਨੇ ਵੀ ਲਿਖਿਆ ਕਿ ਆਪ ਅੰਗਰੇਜ਼ ਰਾਜ ਦੇ ਵਫਾਦਾਰ ਨਹੀਂ ਸਨ. ਆਪ ਦਾ ਲੋਕਾਂ ਵਿੱਚ ਆਦਰ ਗੁਰੂ, ਸਤਿਗੁਰੂ ਅਤੇ ਸਤਿਗੁਰ ਸੱਚੇ ਪਾਤਸ਼ਾਹ ਵਜੋਂ ਸੀ। ਆਪ ਨੂੰ ਸਿੱਖ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਦੇ ਹਨ।

ਐਨਸਾਈਕਲੋਪੀਡੀਆ ਬ੍ਰਿਟੇਨਕਾ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੰਘਾਂ (ਨਾਮਧਾਰੀ ਸਿੱਖ) ਬਾਰੇ ਲਿਖਿਆ ਹੈ :

ਅਕਾਲੀ ਆਪਣਾ ਅਸਰ ਗੁਆ ਬੈਠੇ ਸਨ। ਕੂਕਿਆਂ (ਨਾਮਧਾਰੀ ਸਿੱਖਾਂ) ਦੀ ਗਿਣਤੀ ਭਾਵੇਂ ਘਟੀ (ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਪਿਛੋਂ) ਪਰ ਉਹ ਆਪਣੇ ਦ੍ਰਿੜ ਆਕੀਦੇ ਪ੍ਰਤੀ ਨਿਸ਼ਠਾਵਾਨ ਰਹੇ।

ਲੇਟੀ-ਜਿਗਿਆਸੂ ਸਿਰਲੇਖ ਹੇਠ ਲਿਖਿਆ ਹੈ, "ਸਿੱਖੀ ਜਦੋਂ ਮੁੜ ਪਲਰਨ ਲੱਗੀ ਤਾਂ ਇਸ ਦੇ ਸਾਰੇ ਵਰਗ ਬਰਾਬਰ ਮੁੜ ਸੁਰਜੀਤ ਹੋਏ। ਇਸ ਦੀ ਸ੍ਰੇਸ਼ਠ ਮਿਸਾਲ ਕੂਕਿਆਂ ਨੇ ਪੇਸ਼ ਕੀਤੀ। ਉਹ (ਗੁਰੂ) ਗੋਬਿੰਦ ਸਿੰਘ ਦੇ ਨੈਤਿਕ ਮੁੱਲਾਂ ਦੇ ਪੱਕੇ ਅਨੁਯਾਈ ਹਨ। ਕੂਕੇ ਦੀ ਨਿਸ਼ਾਨੀ ਸਿਧੀ ਦਸਤਾਰ, ਮਣਕਿਆਂ ਵਾਲਾ ਹਾਰ ਜਾਂ ਉੱਨ ਦੀ ਮਾਲਾ ਹੈ, ਜਿਹੜੀ ਮੁਢਲੇ ਰੂਪ ਵਿਚ ਤਪੱਸਿਆ ਦੇ ਅਨੁਸ਼ਾਸਨ ਦੀ ਸੂਚਕ ਹੈ।

-ਸਫਾ ੨੪੮ ਜ਼ਿਲਦ ੨੦ ਐਡੀਸ਼ਨ ੧੯੬੫-

ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਸਿੱਖਾਂ ਬਾਰੇ ਸਯਦ ਮੁਹੰਮਦ ਲਤੀਫ ਨੇ ਲਿਖਿਆ,

(ਗੁਰੂ) ਰਾਮ ਸਿੰਘ ਅਤੇ ਉਸਦੇ ਮੁਰੀਦਾਂ ਦੇ ਮੁਦੇ ਮਹਿਜ਼ ਧਾਰਮਕ ਨਹੀਂ ਸਨ ਸਗੋਂ ਇਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਉਸਨੇ ਡੂੰਘੇ

ਰਾਜਨੀਤਕ ਮਨਸੂਬੇ ਬਣਾਏ।

ਐਨਸਾਈਕਲੋਪੀਡੀਆ ਬ੍ਰਿਟੇਨਿਕਾ ਵਿਚ ਦਰਜ ਹੈ :

(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ ਵਪਾਰੀ ਨਾਲ ਅਤੇ ਨੌਕਰੀਆਂ ਪ੍ਰਤੀ ਨਾ ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਨ ਵਾਲਾ ਪਹਿਲਾ ਭਾਰਤੀ ਹੈ।"

(Guru) Ram Singh sikh philosopher and reformer and the first Indian to use non-co-operation and boycott of British merchandise and service as a weapon of political power.

—Vol-8, page 142

ਬਾਈਕਾਟ ਤੇ ਸਵਦੇਸ਼ੀ ਦੇ ਨਾਲ ਸਤਿਗੁਰੂ ਜੀ ਨੇ ਨਿਜੀ ਡਾਕ ਪ੍ਰਬੰਧ ਵੀ ਚਲਾਇਆ ਜਿਸ ਨੇ ਅੰਗਰੇਜ਼ ਸਰਕਾਰ ਨੂੰ ਨਾਮਧਾਰੀਆਂ ਦੀਆਂ ਗੁਪਤ ਕਾਰਵਾਈਆਂ ਸਮਝਣ ਦਾ ਮੌਕਾ ਛੇਤੀ ਨਾ ਦਿੱਤਾ।

ਸਤਿਗੁਰੂ ਜੀ ਨੇ ਇਸਤਰੀਆਂ ਨੂੰ ਮਾਰਨਾ, ਵੇਚਣਾ,ਬਾਲ ਵਿਆਹ, ਵੱਟਾ ਕਰਨਾ, ਸਤੀ ਕਰਨਾ ਬੰਦ ਕਰਵਾਇਆ ਅਤੇ ਵਿਧਵਾ ਵਿਆਹ ਚਾਲੂ ਕੀਤੇ।

ਆਪ ਨੇ ਅਨੰਦ ਕਾਰਜ ਦੀ ਨਵੀਂ ਮਰਯਾਦਾ ਪ੍ਰਚਲ਼ਤ ਕੀਤੀ ਅਤੇ ਅੰਤਰਜਾਤੀ ਵਿਆਹ ਕੀਤੇ।

ਗੁਲਾਮ ਭੀਖ ਜਲੰਧਰੀ ਨੇ ਇਸ ਦੇ ਅਸਰ ਬਾਰੇ ਲਿਖਿਆ ਹੈ ਕਿ :

"ਗਾਂਵ ਕੇ ਗਾਂਵ ਔਰ ਮੌਜ਼ੇ ਕੇ ਮੌਜ਼ੇ ਕੂਕਾ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ ਜੋ ਮੌਜੂਦ ਥੇ, ਨੇ ਸਿਲਸਿਲਾ ਅਰਸ਼ਾਦ ਸ਼ੁਰੂ ਕੀਆ ਉਨ ਕੋ ਯੇ ਨਸੀਬ ਨਾ ਹੂਆ ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ

ਉਨਕੇ ਚੇਲੋਂ ਮੇਂ ਹੋਤਾ। ਉਨਕੇ ਮਜ਼ਹਬ ਕਾ ਅਰੂਜ ਪਿਛਲੇ ਮਨਸਦ ਨਸ਼ੀਨੋਂ ਕੇ ਵਕਤ ਮੇਂ ਹੂਆ। ਇਸ ਮੂਜਿਦ ਕੀ ਜਿੰਦਗੀ ਮੇਂ ਲਾਖੋਂ ਕੂਕਾ (ਸਿੱਖ) ਹੋ ਗਿਆ।"

ਅਜਿਤੇ ਰੰਧਾਵੇ ਦੀ ਸਾਖੀ, ਸੌ ਸਾਖੀ, ਗੁਰਿੰਡ ਨਾਮਾ, ਸੂਰਜ ਪ੍ਰਕਾਸ਼ ਆਦਿ ਰਚਨਾਵਾਂ ਵਿੱਚ ਆਪ ਬਾਰੇ ਭਵਿਖਤ ਵਾਕ ਲਿਖੇ ਹੋਏ ਸਨ ਕਿ ਆਪ ਅਨੰਤ ਸ਼ਕਤੀ ਵਾਲੇ, ਸਭਹਨ ਕੇ ਸਿਰਮੌਰ, ਬਾਰ੍ਹਵੇਂ ਸਤਿਗੁਰੂ ਹਨ। ਆਪ ਦੇ ਸਮੇਂ ਦੇ ਸਿੱਖਾਂ ਨੇ ਏਸੇ ਰੂਪ ਵਿੱਚ ਆਪ ਉੱਤੇ ਸ਼ਰਧਾ ਰੱਖੀ।

ਬਾਵਾ ਨਿਹਾਲ ਸਿੰਘ ਕਲਸੀਆਂ ਨੇ ਉਰਦੂ ਪੁਸਤਕ ਖੁਰਸ਼ੀਦ ਖਾਲਸਾ ਵਿੱਚ ਆਪ ਨੂੰ ਸਿੱਖ ਪ੍ਰੰਪਰਾ ਦਾ ਬਾਰ੍ਹਵਾਂ ਗੁਰੂ ਮੰਨਿਆ। ਸਿੰਘ ਸਭਾ ਨੇ ਇਸ ਦੀ ਵਿਰੋਧਤਾ ਕੀਤੀ ਤੇ ਲਹੌਰ ਦਿਵਾਨ ਵਿੱਚ ਬਾਈਕਾਟ ਦਾ ਪ੍ਰਸਤਾਵ ਰੱਖਿਆ ਤਾਂ ਬਾਬਾ ਖੇਮ ਸਿੰਘ ਬੇਦੀ ਨੇ ਇਸ ਪੁਸਤਕ ਦੀ ਖੁਲ੍ਹ ਕੇ ਹਮਾਇਤ ਕੀਤੀ।

ਸਤਿਗੁਰੂ ਜੀ ਨੇ ਪੰਜਾਬ ਵਿਚੋਂ ਲਗਭਗ ਅਲੋਪ ਹੋ ਚੁੱਕੀ ਸਿੱਖੀ ਰਹਿਤ ਮਰਯਾਦਾ ਨਾਲ ਉਹਨਾਂ ਦਾ ਦੁਬਾਰਾ ਰਾਬਤਾ ਕਾਇਮ ਕਰਨ ਲਈ ਸ੍ਰੀ ਹਜ਼ੂਰ ਸਾਹਿਬ ਜਿੱਥੇ ਅਜੇ ਲੰਗਰ ਦੀ ਮਰਯਾਦਾ ਪ੍ਰਚਲਤ ਸੀ, ਤੋਂ ਭਾਈ ਰਾਏ ਸਿੰਘ ਹਥੀਂ ਮਰਯਾਦਾ ਮੰਗਵਾ ਕੇ ਸਿੱਖਾਂ ਵਿਚ ਲੰਗਰ ਦੀ ਮਰਯਾਦਾ ਪ੍ਰਚਲਤ ਕੀਤੀ।

ਅਨਪੜ੍ਹਤਾ ਅਤੇ ਬੇਸਮਝੀ ਕਾਰਨ ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਸਿੱਖਾਂ ਵਿੱਚ ਬੇਅਦਬੀ ਹੁੰਦੀ ਸੀ, ਗੁਰਬਾਣੀ ਦਾ ਪਾਠ ਨਹੀਂ ਸੀ ਹੁੰਦਾ। ਉਹਨਾਂ ਉਤੇ ਮਿੱਟੀ ਘੱਟਾ ਪਿਆ ਹੋਇਆ ਸੀ। ਆਪ ਨੇ ਝਾੜ ਪੂੰਝ, ਸਾਫ਼ ਕਰ ਪਵਿਤਰਤਾ ਨਾਲ ਧਰਮਸਾਲਾਵਾਂ ਵਿੱਚ ਬੀੜਾਂ ਦਾ ਪ੍ਰਕਾਸ਼, ਕਰਵਾਇਆ। ਆਪ ਨੇ ਸ੍ਰੀ ਭੈਣੀ ਸਾਹਿਬ

੨੫ ਦਰਬਾਰ ਸਾਹਿਬ ਪ੍ਰਕਾਸ਼ ਕਰਕੇ, ਆਪ ਨਾਲ ਬੈਠ ਕੇ ਪਾਠੀਆਂ ਦੇ ਪਾਠ ਸ਼ੁਧ ਕੀਤੇ। ਪਾਠਾਂ ਦੀ ਸ਼ੁਧੀ ਲਈ ਸੰਥਾ ਦੇਣ ਦਾ ਸਿਲਸਿਲਾ ਅਜ ਵੀ ਜਾਰੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਆਦਿ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪ੍ਰਮਾਣੀਕ ਤੇ ਸ਼ੁਧ ਪਾਠੀ ਤਿਆਰ ਕਰਨ ਲਈ ਸੰਥਾ ਦੇਂਦੇ, ਦਿਵਾਉਂਦੇ ਹਨ, ਪਾਠ ਮੁਕਾਬਲੇ ਕਰਵਾਉਂਦੇ ਹਨ ਅਤੇ ਸ਼ੁਧ ਪਾਠ ਕਰਨ ਵਾਲਿਆਂ ਨੂੰ ਮਾਣ ਬਖ਼ਸ਼ਦੇ ਹਨ।

ਆਪ ਜੀ ਸ਼ੁਧ ਪਾਠ ਹੀ ਨਹੀਂ ਗੁਰਬਾਣੀ ਦਾ ਰਾਗਾਂ ਅਨੁਸਾਰ ਸ਼ੁਧ ਗਾਇਨ ਕਰਨ ਦੀ ਸਿੱਖਿਆ ਖੁਦ ਦੇਂਦੇ ਹਨ ਅਤੇ ਉਸਤਾਦਾਂ ਕੋਲੋਂ ਦਿਵਾਉਂਦੇ ਹਨ। ਸ੍ਰੀ ਭੈਣੀ ਸਾਹਿਬ ਦੇ ਸੰਗੀਤ ਵਿਦਿਆਲੇ ਵਿਚ ਸ਼ਾਸਤਰੀ ਸੰਗੀਤ ਅਤੇ ਗੁਰਮਤ ਸੰਗੀਤ ਦਾ ਸੰਗਮ ਹੋਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੁਰਾਣੀਆਂ ਰੀਤਾਂ ਪ੍ਰਚਲਤ ਕੀਤੀਆਂ ਅਤੇ ਨਵੀਆਂ ਰੀਤਾ ਸਿਖਾਈਆਂ ਹਨ।

ਆਮ ਤੌਰ ਉਤੇ ਪਾਠੀ, ਗੁਰਬਾਣੀ ਵਿੱਚ ਲਗੀਆਂ ਮਾਤਰਾਵਾਂ ਦੀ ਵਿਆਕਰਨਕ ਵਰਤੋਂ ਤੋਂ ਅਣਭਿੱਜ ਹੁੰਦੇ ਹਨ। ਏਸੇ ਕਰਕੇ ਉਹ ਮਨੁ, ਮਨ, ਮਨਿ, ਨੇਹ, ਨੇਹੁ, ਪਾਵਹ ਪਾਵਹਿ, ਗਾਵੈ, ਗਾਵਹਿ, ਗਾਵੀਐ, ਹੁਕਮ, ਹੁਕਮੁ, ਹੁਕਮਿ, ਹੁਕਮੀ, ਗੁਰੁ, ਗੁਰ, ਗੁਰੂ, ਕੇ, ਕੈ ਆਦਿ ਵਿਚ ਆਈਆਂ ਮਾਤਰਾਂ ਦਾ ਸਹੀ ਉੱਚਾਰਨ ਨਹੀਂ ਕਰਦੇ ਜਿਸ ਨਾਲ ਕਈ ਵਾਰ ਅਰਥ ਬਦਲ ਜਾਂਦਾ ਹੈ। ਗ਼ਲਤ ਉਚਾਰਨ ਆਮ ਤੌਰ ਉਤੇ ਔਕੜ ਸਿਹਾਰੀ ਲਾਂ ਦੁਲਾਂ ਦਾ ਹੁੰਦਾ ਹੈ।

ਸਤਿਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਸਾਖੀ ਹੈ ਕਿ ਆਪ ਨੇ, 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ।" ਵਿਚ ਕੈ ਨੂੰ ਕੇ ਪੜ੍ਹਨ ਵਾਲੇ ਨੂੰ

ਸਜਾ ਦਿੱਤੀ। ਆਪ ਨੇ ਸਿੱਖਾਂ ਨੂੰ ਸਮਝਾਇਆ ਕਿ ਕੇ ਜਾਣੈ ਦਾ ਅਰਥ, ਕੀ ਜਾਣਦਾ ਹੈ ਅਤੇ ਕੈ ਜਾਣੇ ਦਾ ਅਰਥ, ਜਾਂ ਜਾਣਦਾ ਹੈ ਬਣਦਾ ਹੈ। ਭਾਵ ਕਰਤੇ ਦੀ ਮਿਤ ਜਾਂ ਉਹ ਆਪ ਜਾਣਦਾ ਹੈ ਜਾਂ ਸਤਿਗੁਰੂ।

ਸਤਿਗੁਰੂ ਜੀ ਗੁਰਬਾਣੀ ਦਾ ਪਾਠ ਕਰਨ ਵਾਲੇ ਨੂੰ ਹਰ ਲਗ-ਮਾਤਰ ਸਹੀ ਉਚਾਰਨ ਕਰਨ ਦਾ ਹੁਕਮ ਕਰਦੇ ਹਨ।

ਨਾਮਧਾਰੀ ਸਿੱਖ, ਗੁਰਬਾਣੀ ਦਾ ਆਦਰ ਕਰਨ ਲਈ ਜੇ ਜੰਗਲ ਮੈਦਾਨ ਜਾ ਕੇ ਆਏ ਹੋਣ ਤਾਂ ਕੇਸੀ ਇਸ਼ਨਾਨ ਕਰਕੇ, ਪਾਠ ਕਰਦੇ ਹਨ, ਨਹੀਂ ਤਾਂ ਜੋੜੇ ਲਾਹ ਕੇ ਪੰਜ ਇਸ਼ਨਾਨਾ ਕਰਕੇ ਪਾਠ ਕਰਨ ਬੈਠਦੇ ਹਨ। ਉਹ ਅਰਦਾਸ ਕਰਦੇ ਹਨ, ਹੇ ਗੁਰੂ ਮਹਾਰਾਜ "ਜੋ ਤੈਂ ਗੁਰੂ ਰੂਪ ਧਾਰ ਕੇ ਹੁਕਮ ਦਿੱਤਾ ਹੈ ਗ੍ਰੰਥ ਸਾਹਿਬ ਮੈਂ ਸੋ ਆਪਣਾ ਹੁਕਮ ਸਦਾ ਈ ਮਨਾਈਂ।"

ਨਾਮਧਾਰੀ ਸਿੱਖਾਂ ਦਾ ਸਣੇ ਕ੍ਰੇਸੀ ਇਸ਼ਨਾਨ, ਕੰਨ ਵਿੱਚ ਗੁਰਮੰਤਰ, ਸੁਚ ਸੋਧ ਰਖਣਾ, ਭਜਨ ਬੰਦਗੀ ਕਰਨਾ ਦੇਹਧਾਰੀ ਗੁਰੂ ਦੀ ਆਗਿਆ ਵਿੱਚ ਰਹਿਣਾ ਸਭ ਗੁਰਬਾਣੀ ਅਨੁਸਾਰ ਹੈ।

ਨਾਮਧਾਰੀ ਸਿੱਖ ਹਵਨ ਕਰਦੇ ਹਨ। ਉਹ ਗਊ ਰਖਿਅਕ ਹਨ। ਇਹ ਦੋਵੇਂ ਗੱਲਾਂ ਵੀ ਸਿੱਖੀ ਪ੍ਰੰਪਰਾ ਅਨੁਸਾਰ ਹੀ ਹਨ।

ਸਿੱਧੀ ਦਸਤਾਰ ਸਹਿਤ ਗੁਰਮੁਖੀ ਬਾਣਾ ਪਹਿਨਣਾ, ਪੰਜ ਕਕਾਰ ਦੇ ਧਾਰਨੀ ਹੋਣਾ, ਸੁਚ ਸੋਧ ਰਖਣਾ, ਉੱਨ ਦੀ ਮਾਲਾ ਪਹਿਨਣਾ, ਨਸ਼ਿਆ ਤੋਂ ਮੁਕਤ ਪੂਰਨ ਸ਼ਾਕਾਹਾਰੀ ਹੋਣਾ, ਜੀਵ ਦੇ ਕਲਿਆਣ ਲਈ ਕਾਰਜਸ਼ੀਲ ਰਹਿਣਾ, ਨੀਲੇ ਕਾਲੇ ਬਾਣੇ ਨਾ ਪਹਿਨਣਾ, ਜਹਾਂ ਤਹਾਂ ਕਾ ਪ੍ਰਸ਼ਾਦ ਛਕਣ ਤੋਂ ਪ੍ਰਹੇਜ਼ ਕਰਨਾ ਤੇ ਨਾਮ ਜਪਣਾ ਨਾਮਧਾਰੀ

ਸਿੱਖਾਂ ਦੀ ਪਛਾਣ ਹੈ।

ਉਹਨਾਂ ਦੇ ਨਿਤਨੇਮ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਦੀਆਂ ਬਾਣੀਆਂ ਸ਼ਾਮਿਲ ਹਨ। ਇਹ ਬਾਣੀਆਂ ਪੜ੍ਹਨ ਦੀ ਲੋੜ ਅੰਮ੍ਰਿਤ ਤਿਆਰ ਕਰਨ, ਹਵਨ ਕਰਨ, ਵਰਨੀ ਕਰਨ ਸਮੇਂ ਵੀ ਪੈਂਦੀ ਹੈ। ਨਿਤਵਰਤੋਂ ਦੀਆਂ ਬਾਣੀਆਂ ਦਾ, ਨਿਤ ਅਭਿਆਸ ਕਰਨ ਲਈ, ਨਿਤਨੇਮ ਕਰਨ ਲਈ ਜਿਨ੍ਹਾਂ ਬਾਣੀਆ ਦੀ ਲੋੜ ਰਹਿੰਦੀ ਹੈ ਉਹਨਾਂ ਦਾ, ਨਾਮਧਾਰੀ ਨਿਤਨੇਮ, ਨਾਮ ਹੇਠ ਗੁਟਕਾ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਤਿਆਰ ਕੀਤਾ ਜਾਂਦਾ ਰਿਹਾ ਹੈ। ਨਾਮਧਾਰੀ ਨਿਤਨੇਮ ਦਾ ਵਰਤਮਾਨ ਐਡੀਸ਼ਨ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਆਗਿਆ ਅਨੁਸਾਰ ਤਿਆਰ ਕੀਤਾ ਗਿਆ ਹੈ

ਗੁਰੂ ਦੀ ਕਿਰਪਾ ਨਾਲ ਅਕਾਲ ਪੁਰਖ ਦੀ ਸੋਝੀ ਆਉਣੀ ਹੈ। ਉਸੇ ਦੀ ਕਿਰਪਾ ਨਾਲ ਗੁਰਬਾਣੀ ਦੇ ਅਰਥ ਸਮਝ ਆਉਣੇ ਹਨ।

ਇਹ ਆਸ ਕੀਤੀ ਜਾਂਦੀ ਹੈ ਭਾਰਤੀ ਅਧਿਆਤਮਕ ਪ੍ਰੰਪਰਾ ਸੰਬੰਧੀ, ਸਿੱਖ ਪਿਛੋਕੜ ਅਤੇ ਗੁਰਬਾਣੀ ਦੇ ਸ਼ੁਧ ਪਾਠ ਅਤੇ ਅਰਥ ਬੋਧ ਸੰਬੰਧੀ ਲਿਖੀ ਇਹ ਜਾਣਕਾਰੀ ਗੁਰਬਾਣੀ ਦਾ ਪਾਠ ਕਰਨ ਵਾਲਿਆਂ ਨੂੰ ਸਹੀ ਸੇਧ ਦੇਵੇਗੀ।

ਬਸੰਤ ਪੰਚਮੀ ੨੦੫੩ —ਤਾਰਾ ਸਿੰਘ ਅਨਜਾਣ